UNIVERSITY OF OXFORD





# ਇੱਕ ਪਰਿਵਾਰਕ ਗਾਈਡ:

## ਆਕਸਫੋਰਡ ਦੇ ਬਿਨੈਕਾਰਾਂ ਲਈ ਮਦਦ









# ਵਿਸ਼ਾ-ਸੂਚੀ


| | |
|---|---|
| ਸਵਾਗਤ ਹੈ | 1 |
| ਯੂਨੀਵਰਸਿਟੀ ਕਿਉਂ ਜਾਈਏ? | 2 |
| ਆਕਸਫੋਰਡ ਕਿਉਂ ਆਈਏ? | 3 |
| ਕੀ ਆਕਸਫੋਰਡ ਭਵਿੱਖ ਵਿੱਚ ਕੈਰੀਅਰ ਬਣਾਉਣ ਵਿੱਚ ਮਦਦ ਕਰਦੀ ਹੈ? | 4 |
| ਹਰ ਚੀਜ਼ ਲਈ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ? | 5 |
| ਕੀ ਆਕਸਫੋਰਡ ਖਰਚਿਆਂ ਵਿੱਚ ਕੋਈ ਮਦਦ ਕਰਦੀ ਹੈ? | 6 |
| ਉਹ ਕੋਈ ਕੋਰਸ ਕਿਵੇਂ ਚੁਣਦੇ ਹਨ? | 8 |
| ਉੱਥੇ ਕਿਸ ਕਿਸਮ ਦੀ ਪੜ੍ਹਾਈ ਹੁੰਦੀ ਹੈ? | 10 |
| ਉੱਥੇ ਪੜ੍ਹਾਈ ਲਈ ਹੋਰ ਕਿਸ ਤਰ੍ਹਾਂ ਦੀ ਮਦਦ ਮਿਲਦੀ ਹੈ? | 11 |
| ਉਹ ਕਿੱਥੇ ਰਹਿੰਦੇ ਹਨ? | 12 |
| ਕੀ ਲੋੜ ਪੈਣ 'ਤੇ ਕੋਈ ਉਪਲਬਧ ਹੋਵੇਗਾ? | 14 |
| ਕੀ ਮਜ਼ੇ ਲਈ ਅਤੇ ਦੋਸਤਾਂ ਲਈ ਕੁਝ ਸਮਾਂ ਹੁੰਦਾ ਹੈ? | 15 |
| ਇੱਥੇ ਕੌਣ-ਕੌਣ ਪੜ੍ਹਾਈ ਕਰਦਾ ਹੈ? | 16 |
| ਉਹ ਕਿਵੇਂ ਅਪਲਾਈ ਕਰ ਸਕਦੇ ਹਨ? | 18 |
| ਅਸੀਂ ਹੋਰ ਜਾਣਕਾਰੀ ਕਿਵੇਂ ਲੈ ਸਕਦੇ ਹਾਂ? | 19 |
| ਅਸੀਂ ਉਹਨਾਂ ਦੀ ਦਿਲਚਸਪੀ ਕਿਵੇਂ ਵਧਾ ਸਕਦੇ ਹਾਂ? | 20 |






## ਕੀ ਹੋਰ ਸਵਾਲ ਹਨ?

ਜੇ ਤੁਸੀਂ ਜਾਂ ਤੁਹਾਡਾ ਬੱਚਾ ਯੂਨੀਵਰਸਿਟੀ ਵਿੱਚ ਪੜ੍ਹਨ ਬਾਰੇ ਕੋਈ ਵੀ ਹੋਰ ਚੀਜ਼ ਜਾਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ **ox.ac.uk/ask** 'ਤੇ ਈਮੇਲ ਰਾਹੀਂ ਸੰਪਰਕ ਕਰੋ।

**@studyatoxford**
**@OxOutreach**

# ਸਵਾਗਤ ਹੈ

ਅੰਡਰਗ੍ਰੈਜੁਏਟ ਦਾਖਲਿਆਂ ਅਤੇ ਸੰਪਰਕ ਅਭਿਆਨ ਦੀ ਡਾਇਰੈਕਟਰ ਹੋਣ ਦੇ ਨਾਲ-ਨਾਲ ਮੈਂ ਦੋ ਪਿਆਰੇ ਜਿਹੇ ਮੁੰਡਿਆਂ ਦੀ ਮਾਂ ਵੀ ਹਾਂ। ਜਦੋਂ ਇਹ ਗੱਲ ਆਉਂਦੀ ਹੈ ਕਿ ਸਕੂਲ ਤੋਂ ਬਾਅਦ ਕੀ ਕੀਤਾ ਜਾਵੇ, ਮੈਨੂੰ ਇੰਝ ਲੱਗਦਾ ਹੈ ਕਿ ਨੌਜਵਾਨਾਂ ਲਈ ਪਹਿਲਾਂ ਨਾਲੋਂ ਕਿਤੇ ਜਿਆਦਾ ਵਿਕਲਪ ਉਪਲਬਧ ਹਨ। ਇਸ ਦਾ ਇਹ ਮਤਲਬ ਨਹੀਂ ਹੈ ਕਿ ਫੈਸਲਾ ਲੈਣਾ ਆਸਾਨ ਹੋ ਗਿਆ ਹੈ। ਪਰਿਵਾਰਾਂ ਲਈ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ ਚੁਣਨ ਥੋੜ੍ਹਾ ਮੁਸ਼ਕਲ ਹੋ ਸਕਦਾ ਹੈ, ਖ਼ਾਸ ਕਰਕੇ ਜੇ ਉਹ ਖੁਦ ਹੀ ਕਦੇ ਯੂਨੀਵਰਸਿਟੀ ਨਾ ਗਏ ਹੋਣ।

ਮੇਰੀ ਹਮੇਸ਼ਾ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਮੈਂ ਜਿਨ੍ਹਾਂ ਸੰਭਵ ਹੋ ਸਕੇ ਉਨ੍ਹਾਂ ਹੀ ਆਪਣੇ ਆਪ ਨੂੰ ਜਾਣਕਾਰੀ-ਪੂਰਨ ਰੱਖਾਂ – ਇਸ ਤਰ੍ਹਾਂ ਮੇਰੇ ਕੋਲ ਸੁਣਨ ਦਾ ਘੱਟੋ-ਘੱਟ ਅੱਧਾ ਮੌਕਾ ਤਾਂ ਹੁੰਦਾ ਹੈ! ਅਸੀਂ ਇਹ ਗਾਈਡ ਆਕਸਫੋਰਡ ਵਿੱਚ ਪੜ੍ਹਨ ਬਾਰੇ ਤੁਹਾਨੂੰ ਜਾਣਕਾਰੀ ਦੇਣ ਲਈ ਤਿਆਰ ਕੀਤੀ ਹੈ। ਪਰ ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਾਨੂੰ ਕਿਉਂ ਲੱਗਦਾ ਹੈ ਕਿ ਯੂਨੀਵਰਸਿਟੀ ਜਾਣਾ ਤੁਹਾਡੀ ਜ਼ਿੰਦਗੀ ਬਦਲ ਸਕਦਾ ਹੈ ਅਤੇ ਗੁਣਵਾਨ ਵਿਦਿਆਰਥੀਆਂ ਨੂੰ ਸ਼ਾਨਦਾਰ ਅਤੇ ਖੁਸ਼ੀਆਂ ਭਰੇ ਜੀਵਨ ਲਈ ਉਤਸਾਹਿਤ ਕਰ ਸਕਦਾ ਹੈ। ਇੱਥੇ ਕੁਝ ਸੁਝਾਅ ਦਿੱਤੇ ਗਏ ਹਨ ਕਿ ਤੁਸੀਂ ਜਿਸ ਬੱਚੇ ਦੀ ਮਦਦ ਕਰ ਰਹੇ ਹੋ, ਉਹ ਆਪਣੀ ਪਸੰਦ ਮੁਤਾਬਕ ਦੀ ਪੜ੍ਹਾਈ ਚੁਣ ਸਕਦੇ ਹਨ ਅਤੇ ਸਭ ਤੋਂ ਮਜ਼ਬੂਤ ਦਾਅਵੇਦਾਰੀ ਵਾਲਾ ਬਿਨੈਪੱਤਰ ਦਾਖਲ ਕਰਨ ਦੇ ਤਰੀਕਿਆਂ ਬਾਰੇ ਮਾਰਗਦਰਸ਼ਨ ਸ਼ਾਮਲ ਹੈ।

ਅਸੀਂ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਵਿਦਿਆਰਥੀ ਆਕਸਫੋਰਡ ਵਿੱਚ ਸੁਰੱਖਿਅਤ ਹੱਥਾਂ ਵਿੱਚ ਹਨ, ਇਸ ਲਈ ਅਸੀਂ ਉਪਲਬਧ ਹਰ ਸੰਭਵ ਮਦਦ ਦੇ ਵੇਰਵੇ ਦਿੱਤੇ ਹਨ, ਉਹਨਾਂ ਦੇ ਇੱਥੇ ਹੁੰਦੇ ਦੌਰਾਨ ਵੀ ਅਤੇ ਇੱਥੋਂ ਗ੍ਰੈਜੂਏਟ ਹੋਣ ਤੋਂ ਬਾਅਦ ਵੀ। ਅਸੀਂ ਇਹ ਵੀ ਸਮਝਦੇ ਹਾਂ ਕਿ ਤੁਸੀਂ ਸਪਸ਼ਟ ਤੌਰ 'ਤੇ ਜਾਣਨਾ ਚਾਹੁੰਦੇ ਹੋ ਕਿ ਖਰਚੇ ਕਿਵੇਂ ਕਵਰ ਕੀਤੇ ਜਾਂਦੇ ਹਨ। ਮੈਂ ਤੁਹਾਨੂੰ ਮੁੜ ਭਰੋਸਾ ਦਵਾਉਂਦੀ ਹਾਂ ਕਿ ਯੂ.ਕੇ. ਦੇ ਵਿਦਿਆਰਥੀਆਂ ਲਈ ਸਾਡੀ ਵਿੱਤੀ ਸਹਾਇਤਾ ਕਿਸੇ ਵੀ ਯੂਨੀਵਰਸਿਟੀ ਵੱਲੋਂ ਉਪਲਬਧ ਕਰਵਾਈ ਜਾਂਦੀ ਸਹਾਇਤਾ ਨਾਲੋਂ ਕਾਫੀ ਉਦਾਰ ਹੈ। ਅਤੇ ਯਕੀਨਨ ਤੁਹਾਡੇ ਲਈ ਵੀ ਸਹਾਇਤਾ ਉਪਲਬਧ ਹੈ: ਜੇ ਤੁਸੀਂ ਕੋਈ ਵੀ ਸਵਾਲ ਪੁੱਛਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ – ਸਾਨੂੰ ਮਦਦ ਕਰਕੇ ਸਹੀ ਵਿੱਚ ਖੁਸ਼ੀ ਮਿਲਦੀ ਹੈ। ਇਸ ਤੋਂ ਇਲਾਵਾ, ਤੁਸੀਂ ਕਿਸੇ ਵੀ ਵੇਲੇ ਸਾਡੀ ਵੈੱਬਸਾਈਟ **ox.ac.uk/study** ਦੇਖ ਸਕਦੇ ਹੋ।

ਅਸੀਂ ਬਸ ਆਪਣੇ ਬੱਚਿਆਂ ਲਈ ਸਰਬੋਤਮ ਚਾਹੁੰਦੇ ਹੋ, ਪਰ ਮਦਦ ਕਿਵੇਂ ਕੀਤੀ ਜਾਵੇ ਜਾਣਨਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਮੈਨੂੰ ਉਮੀਦ ਹੈ ਕਿ ਇਹ ਗਾਈਡ ਤੁਹਾਡਾ ਕੰਮ ਆਸਾਨ ਕਰ ਦਿੰਦੀ ਹੈ।

**ਡਾ. ਸਮੀਨਾ ਖਾਨ**
**ਅੰਡਰਗ੍ਰੈਜੁਏਟ ਦਾਖਲੇ ਅਤੇ ਸੰਪਰਕ ਅਭਿਆਨ ਦੀ ਡਾਇਰੈਕਟਰ**



"ਇੱਥੇ ਬੇਤਹਾਸ਼ਾ ਜਾਣਕਾਰੀ ਉਪਲਬਧ ਹੈ ਅਤੇ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਇਹਨਾਂ ਸਾਰੀਆਂ ਜਾਣਕਾਰੀਆਂ ਨੂੰ ਸਮਝਣ ਲਈ ਮਾਪਿਆਂ ਦੀ ਮਦਦ ਦੀ ਲੋੜ ਪਵੇ। ਬਸ ਇੱਕੋ ਗੱਲ ਯਕੀਨੀ ਬਣਾਓ ਕਿ ਉਹਨਾਂ ਨੂੰ ਸਿਰਫ ਸੱਚ ਹੀ ਪਤਾ ਚਲੇ ਕਿ ਆਕਸਫੋਰਡ ਦੇ ਵਿਦਿਆਰਥੀ ਔਸਤ ਵਿਦਿਆਰਥੀਆਂ ਨਾਲੋਂ ਹੁਸ਼ਿਆਰ ਵਿਦਿਆਰਥੀਆਂ ਦਾ ਇੱਕ ਆਮ ਜਿਹਾ ਸਮੂਹ ਹਨ, ਜੋ ਬਹੁਤ ਜਿਆਦਾ ਸੌਂਦੇ ਹਨ, ਟੀ.ਵੀ. ਦੇ ਸਾਹਮਣੇ ਬੈਠੇ ਰਹਿਕੇ ਸਮਾਂ ਖਰਾਬ ਕਰਦੇ ਹਨ, ਆਪਣਾ ਕੰਮ ਅਖੀਰ ਤੱਕ ਲਟਕਾਈ ਰੱਖਦੇ ਹਨ ਅਤੇ ਉਹਨਾਂ ਦੇ ਦੋਸਤ ਹਰ ਤਰ੍ਹਾਂ ਦੇ ਸਕੂਲ, ਸਮਾਜਿਕ ਪਿਛੋਕੜ ਅਤੇ ਕਲਪਨਾ ਤੋਂ ਪਰੇ ਦੇ ਖੇਤਰਾਂ ਦੇ ਹੁੰਦੇ ਹਨ – ਜਿਵੇਂ ਕਿ ਹਰ ਪਾਸੇ ਵਿਦਿਆਰਥੀ ਹੁੰਦੇ ਹਨ!"

**ਅਲੀਸਨ**

"ਮੈਂ ਹੁਣ ਆਕਸਫੋਰਡ ਨੂੰ ਸਿਰਫ ਵਿਸ਼ੇਸ਼ ਅਧਿਕਾਰ ਪ੍ਰਾਪਤ ਪ੍ਰਤੀਭਾਵਾਂ ਲਈ ਦੂਰ ਦਾ, ਵਿਦੇਸ਼ੀ ਸੁਪਨਾ ਨਹੀਂ ਸਮਝਦੀ, ਪਰ ਫਿਰ ਵੀ ਮੈਂ ਪੂਰੀ ਕੋਸ਼ਿਸ਼ ਕਰਕੇ ਇਸ ਵਿੱਚ ਦਾਖਲ ਹੋਣਾ ਚਾਹੁੰਦੀ ਹਾਂ। ਮੈਂ ਜਿੱਥੋਂ ਦੀ ਹਾਂ।"

**ਫਿਨਿਕਸ**

# ਯੂਨੀਵਰਸਿਟੀ ਕਿਉਂ ਜਾਈਏ?

## ਜੀਵਨ ਵਿੱਚ ਬਦਲਾਅ ਲਿਆਉਣ ਵਾਲੇ ਤਜਰਬੇ ਅਤੇ ਮੌਕੇ



ਆਕਸਫੋਰਡ ਵਿੱਚੋਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਵਿਦਿਆਰਥੀਆਂ ਨੇ ਉਹ ਹੁਨਰ ਵਿਕਸਤ ਕੀਤੇ ਹੋਣਗੇ ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਆਪਣੀ ਮਰਜ਼ੀ ਮੁਤਾਬਕ ਕੰਮ ਕਰਨ ਲਈ ਲੋੜੀਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਉਹ ਆਪਣੇ ਭਵਿੱਖ ਬਾਰੇ ਆਤਮ ਵਿਸ਼ਵਾਸ ਅਤੇ ਉਤਸਾਹਿਤ ਮਹਿਸੂਸ ਕਰਨ, ਅਤੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਵਿੱਚ ਜੋ ਮੌਕੇ ਮਿਲਣਗੇ, ਉਹ ਉਨ੍ਹਾਂ ਦੀ ਸਫਲਤਾ ਅਤੇ ਖੁਸ਼ਹਾਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਫਿਰ ਵੀ ਅਸੀਂ ਸਮਝਦੇ ਹਾਂ ਕਿ ਯੂਨੀਵਰਸਿਟੀ ਜਾਣ ਦੀ ਚੋਣ ਕਰਨਾ ਇੱਕ ਵੱਡਾ ਫੈਸਲਾ ਹੈ, ਅਤੇ ਇਹ ਇਸਨੂੰ ਸਾਡੇ ਨਜ਼ਦੀਕੀ ਲੋਕਾਂ ਨਾਲ ਸਾਂਝਾ ਕਰਨ ਵਿੱਚ ਯੋਗ ਹੋਣ ਵਿੱਚ ਮਦਦ ਕਰਦਾ ਹੈ। ਸਾਡੇ ਵਿਦਿਆਰਥੀ ਅਕਸਰ ਸਾਨੂੰ ਦੱਸਦੇ ਹਨ ਕਿ ਪਰਿਵਾਰ ਅਤੇ ਦੋਸਤਾਂ ਨਾਲ ਗੱਲ ਕਰਨਾ ਕਿੰਨਾ ਮਹੱਤਵਪੂਰਨ ਹੁੰਦਾ ਹੈ। ਇਸ ਲਈ, ਭਾਵੇਂ ਤੁਸੀਂ ਖੁਦ ਯੂਨੀਵਰਸਿਟੀ ਗਏ ਹੋ ਜਾਂ ਨਹੀਂ, ਕਿਰਪਾ ਕਰਕੇ ਸਾਡੇ 'ਤੇ ਵਿਸ਼ਵਾਸ ਕਰੋ ਜਦੋਂ ਅਸੀਂ ਕਹਿੰਦੇ ਹਾਂ ਕਿ ਤੁਸੀਂ ਸੱਚਮੁੱਚ ਮਦਦ ਕਰ ਸਕਦੇ ਹੋ!

ਸ਼ੁਰੂਆਤ ਕਰਨ ਲਈ, ਇੱਥੇ ਕੁਝ ਕਾਰਨ ਦਿੱਤੇ ਗਏ ਹਨ ਕਿ ਤੁਹਾਡੇ ਬੱਚੇ ਲਈ ਯੂਨੀਵਰਸਿਟੀ ਕਿਉਂ ਇੱਕ ਵਧੀਆ ਵਿਕਲਪ ਹੋ ਸਕਦੀ ਹੈ:

### ਭਵਿੱਖ ਦੀ ਯੋਜਨਾ ਬਣਾਉਣਾ

ਵਿਦਿਆਰਥੀ ਆਪਣੇ ਬਾਰੇ ਅਤੇ ਉਹ ਜ਼ਿੰਦਗੀ ਤੋਂ ਕੀ ਚਾਹੁੰਦੇ ਹਨ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕੋਲ ਭਵਿੱਖ ਲਈ ਚੰਗੀ ਯੋਜਨਾ ਬਣਾਉਣ ਦਾ ਮੌਕਾ ਹੁੰਦਾ ਹੈ।

### ਚੰਗੀ ਨੌਕਰੀ ਮਿਲਨਾ

ਯੂਨੀਵਰਸਿਟੀ ਉਨ੍ਹਾਂ ਹੁਨਰਾਂ ਨੂੰ ਵਿਕਸਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਜੋ ਬਾਅਦ ਵਿੱਚ ਚੰਗੀ ਨੌਕਰੀ ਲੱਭਣ ਵਿੱਚ ਮਦਦ ਕਰ ਸਕਦੇ ਹਨ। ਗ੍ਰੈਜੂਏਟ ਅਕਸਰ ਆਪਣੇ ਕੈਰੀਅਰ ਦੌਰਾਨ ਬਿਨ੍ਹਾਂ ਡਿਗਰੀ ਵਾਲੇ ਲੋਕਾਂ ਨਾਲੋਂ ਵਧੇਰੇ ਕਮਾਈ ਕਰਦੇ ਹਨ।

### ਲੋਕਾਂ ਨੂੰ ਮਿਲਨਾ

ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੇ ਪਿਛੋਕੜ ਵਾਲੇ ਅਤੇ ਦੁਨੀਆਭਰ ਦੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਯੂਨੀਵਰਸਿਟੀ ਵਿੱਚ ਹੋਈ ਦੋਸਤੀ ਅਤੇ ਸਾਂਝ ਅਕਸਰ ਜ਼ਿੰਦਗੀ ਭਰ ਬਣੀ ਰਹਿੰਦੀ ਹੈ।

### ਕੀ ਤੁਹਾਨੂੰ ਸਿੱਖਣਾ ਪਸੰਦ ਹੈ

ਜੇਕਰ ਕੋਈ ਸਿੱਖਣ ਬਾਰੇ ਉਤਸੁਕ ਹੈ ਅਤੇ ਚੀਜ਼ਾਂ ਬਾਰੇ ਸਵਾਲ ਕਰਨਾ ਪਸੰਦ ਕਰਦਾ ਹੈ, ਤਾਂ ਉਹ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਅਨੰਦ ਲੈਂਦਾ ਹੈ। ਇਹ ਉਨ੍ਹਾਂ ਨੂੰ ਆਪਣੀ ਦਿਲਚਸਪੀ ਦੀ ਪੜਚੋਲ ਕਰਨ ਦੇਵੇਗਾ ਅਤੇ ਆਪਣੀ ਸਮਝ ਨੂੰ ਵਿਕਸਿਤ ਕਰਨ ਵਿੱਚ ਮਦਦ ਕਰੇਗਾ।



> ਮੈਂ ਖੇਤਰ ਦੇ ਨਿਰੋਲ ਵਿਸ਼ਵ ਮਾਹਰਾਂ ਨਾਲ ਉਸ ਵਿਸ਼ੇ ਦਾ ਅਧਿਐਨ ਕਰਨ ਦੇ ਵਿਚਾਰ ਤੋਂ ਬਹੁਤ ਉਤਸ਼ਾਹਿਤ ਸੀ।
> **ਲਿਲੀ**



# ਆਕਸਫੋਰਡ ਕਿਉਂ ਆਈਏ?

## ਦੁਨੀਆ ਦੀਆਂ ਸਰਬੋਤਮ ਯੂਨੀਵਰਸਿਟੀਆਂ ਵਿੱਚੋਂ ਇੱਕ

ਉਨ੍ਹਾਂ ਨੂੰ ਆਕਸਫੋਰਡ ਬਾਰੇ ਕਿਉਂ ਸੋਚਣਾ ਚਾਹੀਦਾ ਹੈ? ਖੈਰ, ਜੇਕਰ ਤੁਸੀਂ ਯੂਨੀਵਰਸਿਟੀ ਜਾਣ ਦਾ ਮਨ ਬਣਾ ਰਹੇ ਹੋ, ਤਾਂ ਕਿਉਂ ਨਾ ਸਰਬੋਤਮ ਵਿੱਚ ਜਾਈਏ? ਇੱਥੇ ਕੁਝ ਚੰਗੇ ਕਾਰਨ ਦਿੱਤੇ ਗਏ ਹਨ ਜਿਸ ਕਰਕੇ ਸਾਨੂੰ ਪਿਛਲੇ ਚਾਰ ਸਾਲਾਂ ਤੋਂ* ਵਿਸ਼ਵ ਦੀ ਸਰਬੋਤਮ ਯੂਨੀਵਰਸਿਟੀ ਵਜੋਂ ਚੁਣਿਆ ਗਿਆ ਹੈ।

*THE World Rankings, 2019-20



### ਦੁਨੀਆ ਬਦਲ ਰਹੀ ਹੈ

ਆਕਸਫੋਰਡ ਵਿਖੇ ਤੁਸੀਂ ਦੁਨੀਆ ਦੇ ਭਵਿੱਖ ਨੂੰ ਬਦਲ ਰਹੀ ਨਵੀਨਤਾਕਾਰੀ ਖੋਜ ਕਰਨ ਵਾਲੇ ਮਾਹਰ ਲੋਕਾਂ ਤੋਂ ਸਿੱਖ ਸਕਦੇ ਹੋ।
**ox.ac.uk/research**

### ਮਾਹਰਾਂ ਵੱਲੋਂ ਕੈਰੀਅਰ ਲਈ ਸਲਾਹ

ਸਾਡੀ ਕੈਰੀਅਰ ਸੇਵਾ ਸਾਡੇ ਸਾਰੇ ਵਿਦਿਆਰਥੀਆਂ ਨੂੰ ਨੌਕਰੀ ਦੇ ਅਵਸਰਾਂ ਬਾਰੇ ਮੁਫਤ, ਜੀਵਣਭਰ ਅਤੇ ਮਾਹਰ ਸਲਾਹ ਅਤੇ ਅਗਲੇਰੀ ਪੜ੍ਹਾਈ ਲਈ ਮਾਰਗ ਦਰਸ਼ਨ ਦੀ ਪੇਸ਼ਕਸ਼ ਕਰਦੀ ਹੈ।
**ox.ac.uk/careers**

### ਸਿੱਖਣ ਲਈ ਇੱਕ ਬਿਹਤਰੀਨ ਜਗ੍ਹਾ

100 ਤੋਂ ਵੱਧ ਲਾਇਬ੍ਰੇਰੀਆਂ, ਚਾਰ ਵਿਸ਼ਵ ਪੱਧਰੀ ਅਜਾਇਬ ਘਰ ਅਤੇ ਲਗਭਗ 1,500 ਪ੍ਰਯੋਗਸ਼ਾਲਾਵਾਂ ਦੇ ਨਾਲ, ਸਾਡੇ ਵਿਦਿਆਰਥੀਆਂ ਕੋਲ ਦੁਨੀਆ ਦੀਆਂ ਕੁਝ ਸਰਬੋਤਮ ਸਿਖਲਾਈ ਸਹੂਲਤਾਂ ਹਨ।
**ox.ac.uk/learningresources**

### ਬੇਹਤਰੀਨ ਸਿੱਖਿਆ

ਆਕਸਫੋਰਡ ਦੇ ਵਿਦਿਆਰਥੀਆਂ ਨੂੰ ਮਾਹਰਾਂ ਤੋਂ ਨਿੱਜੀ ਪੱਧਰ ਦੀ ਸਲਾਹ ਤੋਂ ਫਾਇਦਾ ਹੁੰਦਾ ਹੈ, ਜਿਹੜੀਆਂ ਬਹੁਤੀਆਂ ਯੂਨੀਵਰਸਿਟੀਆਂ ਪੇਸ਼ ਨਹੀਂ ਕਰਦੀਆਂ।
**ox.ac.uk/tutorials**

### ਖਰਚਿਆਂ ਨੂੰ ਸਾਂਝਾ ਕਰਨਾ

ਆਕਸਫੋਰਡ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਉਦਾਰ ਵਿੱਤੀ ਮਦਦ ਦੀ ਪੇਸ਼ਕਸ਼ ਕਰਦਾ ਹੈ। ਮੌਜੂਦਾ ਸਮੇਂ ਬ੍ਰਿਟੇਨ ਦੇ ਹਰ ਚਾਰ ਵਿਦਿਆਰਥੀਆਂ ਵਿੱਚੋਂ ਇੱਕ ਨੂੰ ਰਹਿਣ-ਸਹਿਣ ਲਈ ਵਿੱਤੀ ਮਦਦ ਦਿੱਤੀ ਜਾ ਰਹੀ ਹੈ (ਜਿਸ ਨੂੰ ਵਾਪਸ ਕਰਨ ਦੀ ਜ਼ਰੂਰਤ ਨਹੀਂ ਹੈ), ਇਸ ਲਈ ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਹੈ।
**ox.ac.uk/funding**

### ਨਜ਼ਦੀਕੀ ਭਾਈਚਾਰੇ

ਆਕਸਫੋਰਡ 30 ਤੋਂ ਵੱਧ ਕਾਲਜਾਂ ਦਾ ਇੱਕ ਸਮੂਹ ਹੈ, ਜਿਸਦਾ ਮਤਲਬ ਹੈ ਕਿ ਵਿਦਿਆਰਥੀ ਇੱਕ ਵਿਸ਼ਾਲ, ਵਿਸ਼ਵ ਪੱਧਰੀ ਯੂਨੀਵਰਸਿਟੀ ਅਤੇ ਇੱਕ ਛੋਟੇ, ਦੋਸਤਾਨਾ ਭਾਈਚਾਰੇ ਦੋਵਾਂ ਤੋਂ ਲਾਭ ਪ੍ਰਾਪਤ ਕਰਦੇ ਹਨ।
**ox.ac.uk/ugcolls**

### ਲੋੜ ਵੇਲੇ ਮਦਦ

ਸਾਨੂੰ ਸਾਰਿਆਂ ਨੂੰ ਕਦੇ-ਕਦਾਈਂ ਮਦਦ ਦੀ ਲੋੜ ਪੈਂਦੀ ਹੈ, ਅਤੇ ਆਕਸਫੋਰਡ ਵਿਖੇ ਅਜਿਹੇ ਕਈ ਲੋਕ ਹਨ ਜੋ ਲੋੜ ਪੈਣ 'ਤੇ ਮਦਦ ਕਰਦੇ ਹਨ।
**ox.ac.uk/students/shw**

### ਮੌਕਿਆਂ ਦਾ ਖਜ਼ਾਨਾ

ਇੱਥੇ ਵਿਦਿਆਰਥੀ ਸਖਤ ਮਿਹਨਤ ਕਰਦੇ ਹਨ, ਪਰ ਹੋਰ ਕੰਮ ਕਰਨ ਲਈ ਵੀ ਸਮਾਂ ਹੁੰਦਾ ਹੈ। ਮਨੋਰੰਜਨ ਕਰਨ, ਸਮਾਜ ਵਿੱਚ ਵਿਚਰਣ ਅਤੇ ਉਪਯੋਗੀ ਹੁਨਰਾਂ ਨੂੰ ਵਿਕਸਤ ਕਰਨ ਦੇ ਸੈਂਕੜੇ ਮੌਕੇ ਮਿਲਦੇ ਹਨ।
**ox.ac.uk/opportunities**

### ਮਜ਼ੇਦਾਰ ਅਤੇ ਵਿਦਿਆਰਥੀ ਕੇਂਦਰਿਤ ਸ਼ਹਿਰ

ਆਕਸਫੋਰਡ ਨਾ ਸਿਰਫ ਸੁੰਦਰ ਹੈ, ਬਲਕਿ ਇਹ ਵਿਦਿਆਰਥੀਆਂ ਨਾਲ ਭਰਪੂਰ ਇੱਕ ਜਵਾਨ ਸ਼ਹਿਰ ਹੈ। ਇਹ ਰਹਿਣ ਲਈ ਇੱਕ ਬਹੁਤ ਵਧੀਆ ਜਗ੍ਹਾ ਹੈ।
**ox.ac.uk/livingin**

# ਕੀ ਆਕਸਫੋਰਡ ਭਵਿੱਖ ਵਿੱਚ ਕੈਰੀਅਰ ਬਣਾਉਣ ਵਿੱਚ ਮਦਦ ਕਰਦੀ ਹੈ?

## ਸਫ਼ਲਤਾ ਅਤੇ ਚੰਗੀ ਨੌਕਰੀ ਵੱਲ

ਆਕਸਫੋਰਡ ਦੀ ਡਿਗਰੀ ਸਫਲ ਭਵਿੱਖ ਲਈ ਇੱਕ ਸ਼ਾਨਦਾਰ ਸ਼ੁਰੂਆਤ ਪ੍ਰਦਾਨ ਕਰਦੀ ਹੈ। ਤੁਹਾਡੇ ਬੱਚੇ ਚਾਹੇ ਜੋ ਵੀ ਵਿਸ਼ਾ ਪੜ੍ਹਦੇ ਹਨ, ਉਨ੍ਹਾਂ ਨੂੰ ਬਹੁਤ ਸਾਰੇ ਮੌਕੇ ਉਪਲਬਧ ਹੋਣਗੇ। ਸਾਡੀ ਕੈਰੀਅਰ ਸੇਵਾ ਮੁਫਤ ਅਤੇ ਜੀਵਨਭਰ ਲਈ ਮਦਦ ਪ੍ਰਦਾਨ ਕਰਦੀ ਹੈ – ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਆਪਣੇ ਭਵਿੱਖ ਵੱਲ ਆਤਮ ਵਿਸ਼ਵਾਸ ਮਹਿਸੂਸ ਕਰ ਸਕਣ।

### ਕੀ ਉਨ੍ਹਾਂ ਦੀ ਡਿਗਰੀ ਉਨ੍ਹਾਂ ਨੂੰ ਚੰਗੀ ਨੌਕਰੀ ਲੱਭਣ ਵਿੱਚ ਮਦਦ ਕਰੇਗੀ?

ਆਕਸਫੋਰਡ ਵਿਖੇ, ਵਿਦਿਆਰਥੀਆਂ ਕੋਲ ਕੰਮ ਲੱਭਣ ਅਤੇ ਆਪਣੀਆਂ ਨੌਕਰੀਆਂ ਵਿੱਚ ਸਫਲ ਹੋਣ ਵਿੱਚ ਮਦਦ ਲਈ ਲੋੜੀਂਦੇ ਹੁਨਰ ਵਿਕਸਤ ਕਰਨ ਦੇ ਬਹੁਤ ਸਾਰੇ ਮੌਕੇ ਹੁੰਦੇ ਹਨ। ਹੋਰ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਅਧਿਐਨ ਕਰਨਾ ਸਹੀ ਸਮਾਂ ਪ੍ਰਬੰਧਨ ਅਤੇ ਕੁਸ਼ਲਤਾ ਦਾ ਸ਼ਕਤੀਸ਼ਾਲੀ ਸਬੂਤ ਹੈ। ਵਿਦਿਆਰਥੀ ਕਲੱਬ ਅਤੇ ਗਤੀਵਿਧੀਆਂ ਸੰਚਾਰ, ਬਜਟ ਬਣਾਉਣ ਅਤੇ ਟੀਮ ਵਰਕ ਵਰਗੇ ਹੁਨਰਾਂ ਦੀ ਪੇਸ਼ਕਸ਼ ਵੀ ਕਰ ਸਕਦੀਆਂ ਹਨ।



“”

ਮੈਂ ਹੁਣ ਇੱਕ ਵਿਦਿਆਰਥੀ ਮੈਗਜ਼ੀਨ ਦਾ ਮੈਨੇਜਿੰਗ ਐਡੀਟਰ ਹਾਂ, ਬੇਘਰਿਆਂ ਲਈ ਪੈਸਾ ਇਕੱਠਾ ਕਰਦਾ ਹਾਂ, ਮਨੁੱਖੀ ਅਧਿਕਾਰ ਮੰਚ ਦੀ ਅਗਵਾਈ ਕਰਦਾ ਹਾਂ ਅਤੇ ਅਫਰੀਕੀ ਅਤੇ ਕੈਰੇਬੀਅਨ ਸੁਸਾਇਟੀ ਲਈ ਸਮਾਗਮਾਂ ਦਾ ਆਯੋਜਨ ਕਰਦਾ ਹਾਂ- ਉਹ ਸਭ ਕੁਝ ਕਰਦਾ ਹਾਂ ਜੋ ਮੈਂ ਕਦੇ ਨਹੀਂ ਸੋਚਿਆ ਕਿ ਮੈਂ ਯੂਨੀਵਰਸਿਟੀ ਵਿੱਚ ਕਰਾਂਗਾ।

**ਕਲਜਨਾ**

### ਕੰਮ ਦੇ ਤਜਰਬੇ ਦਾ ਕੀ ਹੁੰਦਾ ਹੈ?

ਆਕਸਫੋਰਡ ਦੇ ਛੋਟੀ ਮਿਆਦ ਵਾਲੇ ਕੋਰਸਾਂ ਦਾ ਮਤਲਬ ਹੁੰਦਾ ਹੈ ਕਿ ਵਿਦਿਆਰਥੀਆਂ ਕੋਲ ਛੁੱਟੀਆਂ ਵਿੱਚ ਇੰਟਰਨਸ਼ਿਪ ਕਰਨ ਜਾਂ ਕੰਮ ਦਾ ਤਜਰਬਾ ਲੈਣ ਲਈ ਕਾਫ਼ੀ ਸਮਾਂ ਹੁੰਦਾ ਹੈ, ਅਤੇ ਇਹਨਾਂ ਮੌਕਿਆਂ ਨੂੰ ਲੱਭਣ ਦੇ ਬਹੁਤ ਸਾਰੇ ਤਰੀਕੇ ਹਨ। ਸਾਡੇ ਵਿਦਿਆਰਥੀਆਂ ਕੋਲ ਸੈਂਕੜੇ ਇੰਟਰਨਸ਼ਿਪਾਂ ਤੱਕ ਪਹੁੰਚ ਹੁੰਦੀ ਹੈ, ਜਿਸ ਵਿੱਚ ਯੂ.ਕੇ. ਅਤੇ ਵਿਦੇਸ਼ ਵਿੱਚ ਗਰਮੀਆਂ ਦੀਆਂ ਸੈਂਕੜੇ ਇੰਟਰਨਸ਼ਿਪਾਂ ਦੇ ਨਾਲ-ਨਾਲ ਯੂ.ਕੇ. ਵਿੱਚ ਹਫ਼ਤੇ ਭਰ ਚੱਲਣ ਵਾਲੀ ਇੰਟਰਨਸ਼ਿਪ ਸ਼ਾਮਲ ਹੁੰਦੀਆਂ ਹਨ। ਇਹ ਇੱਕ ਖਾਸ ਨੌਕਰੀ ਖੇਤਰ ਦੀ ਸਮਝ ਪ੍ਰਾਪਤ ਕਰਨ ਦਾ ਇੱਕ ਵਧੀਆ ਮੌਕਾ ਹੁੰਦਾ ਹੈ।

### ਹੋਰ ਕਿਸ ਤਰ੍ਹਾਂ ਦੀ ਕੈਰੀਅਰ ਮਦਦ ਦਿੱਤੀ ਜਾਂਦੀ ਹੈ?

ਤੁਹਾਡੇ ਬੱਚੇ ਦੇ ਕੈਰੀਅਰ ਟੀਚਿਆਂ ਨੂੰ ਸਮਝਣ ਤੋਂ ਲੈ ਕੇ, ਉਨ੍ਹਾਂ ਦੀਆਂ ਲਾਲਸਾਵਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ, ਸਾਡੀ ਕੈਰੀਅਰ ਸੇਵਾ ਮੇਧ ਦੇ ਸਕਦੀ ਹੈ। ਇਹ:

- ਵਿਅਕਤੀਗਤ ਸਲਾਹ ਦਿੰਦੀ ਹੈ
- ਰੁਜ਼ਗਾਰਦਾਤਾ ਨੂੰ ਲੋੜੀਂਦੇ ਹੁਨਰਾਂ ਦੀ ਸਿਖਲਾਈ ਦਿੰਦੀ ਹੈ
- ਵਧਿਆ ਨੌਕਰੀ ਐਪਲੀਕੇਸ਼ਨ ਬਣਾਉਣ ਬਾਰੇ ਸਿਖਲਾਈ ਦਿੰਦੀ ਹੈ
- ਸੰਭਾਵਿਤ ਰੁਜ਼ਗਾਰਦਾਤਾਵਾਂ ਨੂੰ ਮਿਲਣ ਲਈ ਕੈਰੀਅਰ ਮੇਲੇ ਲਗਾਉਂਦੀ ਹੈ
- ਲਗਭਗ 12,000 ਨੌਕਰੀ ਦੀਆਂ ਅਸਾਮੀਆਂ ਦਾ ਇਸ਼ਤਿਹਾਰ ਦਿੰਦੀ ਹੈ
- ਹੋਰ ਅਧਿਐਨ ਕਰਨ ਬਾਰੇ ਸਲਾਹ ਦਿੰਦੀ ਹੈ।

### ਆਕਸਫੋਰਡ ਛੱਡ ਜਾਣ ਤੋਂ ਬਾਅਦ ਕੀ ਹੁੰਦਾ ਹੈ?

ਬਹੁਤੀਆਂ ਯੂਨੀਵਰਸਿਟੀਆਂ ਦੇ ਉਲਟ, ਆਕਸਫੋਰਡ ਦੇ ਸਾਰੇ ਸਾਬਕਾ ਵਿਦਿਆਰਥੀਆਂ ਨੂੰ ਜੀਵਨਭਰ ਲਈ ਆਕਸਫੋਰਡ ਕੈਰੀਅਰ ਸੇਵਾ ਤੱਕ ਪਹੁੰਚ ਹੁੰਦੀ ਹੈ। ਇਸ ਵਿੱਚ ਸਲਾਹ ਸੈਸ਼ਨ ਅਤੇ ਹਜ਼ਾਰਾਂ ਨੌਕਰੀਆਂ ਦੇ ਇਸ਼ਤਿਹਾਰਾਂ ਤੱਕ ਪਹੁੰਚ ਸ਼ਾਮਲ ਹੁੰਦੀ ਹੈ। ਆਕਸਫੋਰਡ ਦੇ 300,000 ਤੋਂ ਵੱਧ ਗ੍ਰੈਜੂਏਟ ਦੁਨੀਆਭਰ ਵਿੱਚ ਕੰਮ ਕਰ ਰਹੇ ਹਨ, ਤੁਹਾਡਾ ਬੱਚਾ ਜੋ ਵੀ ਚੋਣ ਕਰਦਾ ਹੈ ਉਹ ਉਸ ਵਿੱਚ ਆਕਸਫੋਰਡ ਦੇ ਹੋਰ ਗ੍ਰੈਜੂਏਟਾਂ ਤੋਂ ਮਦਦ ਲੈ ਸਕਦਾ ਹੈ।

# ਹਰ ਚੀਜ਼ ਲਈ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ?

## ਬਹੁਤ ਘੱਟ ਪੇਸ਼ਗੀ ਭੁਗਤਾਨ ਕੀਤਾ ਜਾਂਦਾ ਹੈ



ਆਕਸਫੋਰਡ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਇੱਥੇ ਪੜ੍ਹਨ ਆਉਣ ਵਾਲੇ ਹਰ ਵਿਦਿਆਰਥੀ ਨੂੰ ਹਰ ਸੰਭਵ ਵਿੱਤੀ ਮਦਦ ਦਿੱਤੀ ਜਾਵੇ। ਬਹੁਤ ਘੱਟ ਪੇਸ਼ਗੀ ਭੁਗਤਾਨ ਕੀਤਾ ਜਾਂਦਾ ਹੈ, ਅਤੇ ਯੂ.ਕੇ. ਦੇ ਵਿਦਿਆਰਥੀਆਂ ਲਈ ਸਰਕਾਰ, ਯੂਨੀਵਰਸਿਟੀ ਅਤੇ ਵਿਦਿਆਰਥੀ ਦੇ ਕਾਲਜ ਵੱਲੋਂ ਬਹੁਤ ਸਾਰੀ ਵਿੱਤੀ ਮਦਦ ਉਪਲਬਧ ਕਰਵਾਈ ਜਾਂਦੀ ਹੈ।

### ਇਸਦਾ ਕਿਨ੍ਹਾਂ ਖਰਚਾ ਆਵੇਗਾ?

ਵਿਦਿਆਰਥੀਆਂ ਨੂੰ ਦੋ ਤਰ੍ਹਾਂ ਦੇ ਖਰਚਿਆਂ ਦਾ ਭੁਗਤਾਨ ਕਰਨਾ ਪੈਂਦਾ ਹੈ।

#### ਕੋਰਸ ਦੀ ਫੀਸ:

ਇਹ ਭੁਗਤਾਨ ਕੋਰਸ ਸਿੱਖਿਆ ਅਤੇ ਸਹੂਲਤਾਂ ਲਈ ਕੀਤਾ ਜਾਂਦਾ ਹੈ।

- ਆਕਸਫੋਰਡ ਦੀ ਡਿਗਰੀ ਦਾ ਖਰਚਾ ਯੂ.ਕੇ. ਦੀਆਂ ਬਹੁਤੀਆਂ ਯੂਨੀਵਰਸਿਟੀਆਂ ਵਾਂਗ ਹੀ ਹੈ।
- ਕੋਰਸ ਦੀ ਫੀਸ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਡਾ ਬੱਚਾ ਯੂ.ਕੇ. ਦਾ ਹੈ ਜਾਂ ਅੰਤਰਰਾਸ਼ਟਰੀ ਵਿਦਿਆਰਥੀ ਹੈ।
- ਇਸ ਸਮੇਂ, ਯੂ.ਕੇ. ਦੇ ਵਿਦਿਆਰਥੀ ਲਈ ਕੋਰਸ ਫੀਸ, £9,250/ਸਾਲ ਹੈ, ਪਰ ਪਤਝੜ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੇਗੀ ਕਿ 2021-22 ਲਈ ਖਰਚਾ ਕਿਨ੍ਹਾਂ ਹੋਵੇਗਾ। ਵਧੇਰੇ ਜਾਣਕਾਰੀ ਲਈ, ਇਸ 'ਤੇ ਜਾਓ: **ox.ac.uk/ugfees**.

#### ਰਹਿਣ-ਸਹਿਣ ਦੇ ਖਰਚੇ:

ਇਸ ਵਿੱਚ ਭੋਜਨ, ਕਿਰਾਇਆ ਅਤੇ ਸਮਾਜਿਕ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ।

- ਇਹ ਖਰਚੇ ਇੱਕ ਵਿਦਿਆਰਥੀ ਦੀ ਜੀਵਨ ਸ਼ੈਲੀ ਦੇ ਅਧਾਰ 'ਤੇ ਵੱਖੋ ਵੱਖਰੇ ਹੁੰਦੇ ਹਨ ਪਰ 2020 ਵਿੱਚ, ਆਕਸਫੋਰਡ ਵਿਖੇ ਇੱਕ ਵਿਦਿਆਰਥੀ ਲਈ ਕਿਰਾਏ ਅਤੇ ਭੋਜਨ ਸਮੇਤ, ਰਹਿਣ-ਸਹਿਣ ਦਾ ਅੰਦਾਜ਼ਨ ਖਰਚਾ ਲਗਭਗ £1,135 ਅਤੇ £1,650 ਦੇ ਵਿਚਕਾਰ ਹੋਵੇਗਾ। ਵਧੇਰੇ ਜਾਣਕਾਰੀ ਲਈ, ਇਸ 'ਤੇ ਜਾਓ: **ox.ac.uk/uglivingcosts.**

### ਇਸਦਾ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ?

ਯੂ.ਕੇ. ਦੇ ਸਾਰੇ ਵਿਦਿਆਰਥੀ ਦੋ ਵੱਖ-ਵੱਖ ਸਰਕਾਰੀ ਕਰਜ਼ਿਆਂ ਲਈ ਅਰਜ਼ੀ ਦੇ ਸਕਦੇ ਹਨ ਅਤੇ ਪ੍ਰਾਪਤ ਕਰ ਸਕਦੇ ਹਨ:

#### ਟਿਊਸ਼ਨ ਫੀਸ ਲਈ ਕਰਜ਼ਾ:

- ਇਹ ਤੁਹਾਡੇ ਬੱਚੇ ਦੀਆਂ ਕੋਰਸ ਫੀਸਾਂ ਦੀ ਪੂਰੀ ਰਕਮ ਨੂੰ ਕਵਰ ਕਰਦਾ ਹੈ ਅਤੇ ਸਿੱਧੇ ਤੌਰ 'ਤੇ ਯੂਨੀਵਰਸਿਟੀ ਨੂੰ ਅਦਾ ਕੀਤਾ ਜਾਂਦਾ ਹੈ।

#### ਰੱਖ-ਰਖਾਅ ਲਈ ਕਰਜ਼ਾ:

- ਇਹ ਰਹਿਣ-ਸਹਿਣ ਦੇ ਖਰਚਿਆਂ ਵੱਲ ਜਾਂਦਾ ਹੈ ਅਤੇ ਹਰੇਕ ਮਿਆਦ ਦੀ ਸ਼ੁਰੂਆਤ 'ਤੇ ਤੁਹਾਡੇ ਬੱਚੇ ਨੂੰ ਅਦਾ ਕੀਤਾ ਜਾਂਦਾ ਹੈ।
- ਤੁਹਾਡੇ ਬੱਚੇ ਨੂੰ ਕਿੰਨਾ ਕੁ ਮਿਲਦਾ ਹੈ, ਇਹ ਉਨ੍ਹਾਂ ਦੀ ਘਰੇਲੂ ਆਮਦਨੀ 'ਤੇ ਨਿਰਭਰ ਕਰੇਗਾ। ਵਧੇਰੇ ਜਾਣਕਾਰੀ ਲਈ, ਇਸ 'ਤੇ ਜਾਓ: **ox.ac.uk/funding.**

#### ਕਰਜ਼ਿਆਂ ਦੀ ਅਦਾਇਗੀ ਕਿਵੇਂ ਕੀਤੀ ਜਾਂਦੀ ਹੈ?

- ਵਿਦਿਆਰਥੀ ਨੌਕਰੀ ਮਿਲਣ 'ਤੇ ਅਤੇ ਸਾਲ ਵਿੱਚ £25,725 ਕਮਾਈ ਹੋਣ 'ਤੇ ਹੀ ਇਨ੍ਹਾਂ ਕਰਜ਼ਿਆਂ ਦੀ ਅਦਾਇਗੀ ਕਰਨਾ ਸ਼ੁਰੂ ਕਰਦੇ ਹਨ (2019/20 ਟੈਕਸ ਸਾਲ ਦੇ ਅਨੁਸਾਰ)।
- ਜਿਵੇਂ ਕਿ, 2019/20 ਵਿੱਚ £30,000 ਕਮਾਉਣ ਵਾਲੇ ਇੱਕ ਗ੍ਰੈਜੂਏਟ ਤੋਂ ਇੱਕ ਮਹੀਨੇ ਵਿੱਚ ਲਗਭਗ £32 ਦਾ ਭੁਗਤਾਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।
- ਬਕਾਇਆ ਕਰਜ਼ਾ 30 ਸਾਲਾਂ ਬਾਅਦ ਰੱਦ ਕਰ ਦਿੱਤਾ ਜਾਂਦਾ ਹੈ।

ਉਹ ਵਿਦਿਆਰਥੀ ਜੋ ਵੇਲਜ਼, ਸਕਾਟਲੈਂਡ ਅਤੇ ਉੱਤਰੀ ਵਿੱਚ ਘੱਟ ਆਮਦਨੀ ਵਾਲੇ ਘਰਾਂ ਤੋਂ ਆਉਂਦੇ ਹਨ ਆਇਰਲੈਂਡ ਇਸ ਸਮੇਂ ਯੋਗ ਹੈ ਗੈਰ-ਅਦਾਇਗੀਯੋਗ ਸਰਕਾਰ ਲਈ ਅਰਜ਼ੀ ਦੇਣ ਲਈ ਰੱਖ-ਰਖਾਅ ਗਰਾਂਟ

ਈ.ਯੂ. ਵਿਦਿਆਰਥੀ: ਇਸ ਸਮੇਂ 2021-22 ਤੋਂ ਕੋਰਸ ਸ਼ੁਰੂ ਕਰਨ ਵਾਲੇ ਈਯੂ ਵਿਦਿਆਰਥੀਆਂ ਲਈ ਫੀਸ ਅਤੇ ਮਦਦ ਪ੍ਰਬੰਧਨ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ। ਨਵੀਨਤਮ ਜਾਣਕਾਰੀ ਲਈ ਸਾਡੀ ਵੈਬਸਾਈਟ ਵੇਖੋ: **ox.ac.uk/students/oxford-and-the-eu**.





# ਕੀ ਆਕਸਫੋਰਡ ਖਰਚਿਆਂ ਵਿੱਚ ਕੋਈ ਮਦਦ ਕਰਦੀ ਹੈ?

## ਉਦਾਰ ਵਿੱਤੀ ਮਦਦ ਉਪਲਬਧ ਹੈ

ਅਸੀਂ ਸੱਚਮੁੱਚ ਨਹੀਂ ਚਾਹੁੰਦੇ ਕਿ ਸਾਡੇ ਵਿਦਿਆਰਥੀ ਖਰਚਿਆਂ ਬਾਰੇ ਚਿੰਤਤ ਹੋਣ, ਇਸ ਲਈ ਆਕਸਫੋਰਡ ਯੂ.ਕੇ. ਦੀਆਂ ਯੂਨੀਵਰਸਿਟੀਆਂ ਵਿੱਚੋਂ ਸਭ ਤੋਂ ਉਦਾਰ ਵਿੱਤੀ ਮਦਦ ਪੈਕੇਜਾਂ ਦੀ ਪੇਸ਼ਕਸ਼ ਕਰਦਾ ਹੈ। ਆਕਸਫੋਰਡ ਵਿਖੇ ਲਗਭਗ ਹਰ ਚਾਰ ਯੂ.ਕੇ. ਵਿਦਿਆਰਥੀਆਂ ਵਿੱਚੋਂ ਇੱਕ ਨੂੰ ਇਸ ਵੇਲੇ ਗੈਰ-ਵਾਪਸੀ ਯੋਗ ਵਿੱਤੀ ਮਦਦ ਦਿੱਤੀ ਜਾ ਰਹੀ ਹੈ।

### ਇੱਥੇ ਕਿਸ ਕਿਸਮ ਦੀ ਵਿੱਤੀ ਮਦਦ ਉਪਲਬਧ ਹੈ?

ਯੂ.ਕੇ. ਦੇ ਘੱਟ-ਆਮਦਨੀ ਵਾਲੇ ਘਰਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਗੈਰ-ਵਾਪਸੀ ਯੋਗ ਵਿੱਤੀ ਮਦਦ ਦਿੱਤੀ ਜਾਂਦੀ ਹੈ।

### ਕ੍ਰੈਂਕਸਟਾਰਟ ਸਕਾਲਰਸ਼ਿਪ

ਕ੍ਰੈਂਕਸਟਾਰਟ ਸਕਾਲਰਸ਼ਿਪ ਅਧਿਐਨ ਅਤੇ ਰਹਿਣ-ਸਹਿਣ ਦੇ ਖਰਚਿਆਂ ਲਈ ਹਰ ਸਾਲ £5,000 ਤੱਕ ਗੈਰ-ਵਾਪਸੀ ਯੋਗ ਵਿੱਤੀ ਮਦਦ ਪ੍ਰਦਾਨ ਕਰਦੀ ਹੈ। ਇਹ ਰੁਜ਼ਗਾਰ ਦੇ ਹੁਨਰਾਂ ਨੂੰ ਵਿਕਸਤ ਕਰਨ ਲਈ ਵਿੱਤ ਪ੍ਰਾਪਤ ਇੰਟਰਨਸ਼ਿਪਾਂ ਦੇ ਨਾਲ-ਨਾਲ ਸਵੈ-ਸੇਵੀ ਦੇ ਮੌਕੇ ਵੀ ਦਿੰਦੀ ਹੈ। ਆਕਸਫੋਰਡ ਦੀ ਕ੍ਰੈਂਕਸਟਾਰਟ ਸਕਾਲਰਸ਼ਿਪ £27,500 ਜਾਂ ਇਸ ਤੋਂ ਘੱਟ ਦੀ ਘਰੇਲੂ ਆਮਦਨ ਵਾਲੇ ਪਹਿਲੀ ਡਿਗਰੀ ਵਾਲੇ ਯੂ.ਕੇ. ਦੇ ਵਿਦਿਆਰਥੀਆਂ ਲਈ ਉਪਲਬਧ ਹੈ।

### ਆਕਸਫੋਰਡ ਵਿੱਤੀ ਮਦਦ

ਯੂ.ਕੇ. ਦੇ ਵਿਦਿਆਰਥੀ ਜੋ ਆਪਣੀ ਪਹਿਲੀ ਡਿਗਰੀ ਲਈ ਪੜ੍ਹ ਰਹੇ ਹਨ, ਅਤੇ ਉਹਨਾਂ ਦੀ ਘਰੇਲੂ ਆਮਦਨ £42,875 ਪ੍ਰਤੀ ਸਾਲ ਤੋਂ ਘੱਟ ਹੈ, (ਜਿਨ੍ਹਾਂ ਨੇ ਕ੍ਰੈਂਕਸਟਾਰਟ ਸਕਾਲਰਸ਼ਿਪ ਪ੍ਰਾਪਤ ਨਹੀਂ ਕੀਤੀ ਹੈ) ਖਰਚਿਆਂ ਵਿੱਚ ਮਦਦ ਲਈ ਸਾਲਾਨਾ ਗੈਰ-ਵਾਪਸੀ ਯੋਗ ਵਿੱਤੀ ਮਦਦ ਦੇ ਯੋਗ ਹਨ। ਇਸ ਵਿੱਤੀ ਮਦਦ ਦੀ ਮਾਤਰਾ ਘਰੇਲੂ ਆਮਦਨੀ 'ਤੇ ਨਿਰਭਰ ਕਰੇਗੀ ਪਰ ਇਹ ਪ੍ਰਤੀ ਸਾਲ £3,200 ਤੱਕ ਹੋ ਸਕਦੀ ਹੈ।

### ਆਕਸਫੋਰਡ-ਅਰਲਨ ਹੈਮਿਲਟਨ ਅਤੇ ਅਰਲਿਨ ਬਟਲਰ ਸਿਮਸ ਸਕਾਲਰਸ਼ਿਪ

ਕਾਲੇ ਅਫਰੀਕੀ ਜਾਂ ਕਾਲੇ ਕੈਰੇਬਿਆਈ ਵਿਰਾਸਤ ਵਾਲੇ ਯੂ.ਕੇ. ਨਿਵਾਸੀ, ਜੋ ਪਛੜੇ ਪਿਛੋਕੜ ਵਾਲੇ ਹਨ, ਇਸ ਗੈਰ-ਵਾਪਸੀ ਯੋਗ ਸਕਾਲਰਸ਼ਿਪ ਲਈ ਅਰਜ਼ੀ ਦੇ ਸਕਦੇ ਹਨ, ਜਿਸ ਵਿੱਚ ਤਿੰਨ ਸਾਲਾਂ ਤੱਕ ਪ੍ਰਤੀ ਸਾਲ ਇੱਕ ਅੰਡਰਗ੍ਰੈਜੂਏਟ ਵਿਦਿਆਰਥੀ ਲਈ ਫੀਸ ਅਤੇ ਰਹਿਣ ਦੇ ਖਰਚੇ ਸ਼ਾਮਲ ਹੁੰਦੇ ਹਨ।

### ਦੇਖਭਾਲ ਦਾ ਤਜਰਬਾ ਜਾਂ ਵਿਦੇਸ਼ੀ ਵਿਦਿਆਰਥੀ


ਜੇਕਰ ਤੁਹਾਡਾ ਬੱਚਾ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੱਕ ਦੇਖਭਾਲ ਵਿੱਚ ਰਿਹਾ ਹੈ, ਜਾਂ ਆਪਣੇ ਪਰਿਵਾਰ ਤੋਂ ਅਲੱਗ ਹੈ, ਤਾਂ ਅਸੀਂ ਉਨ੍ਹਾਂ ਨੂੰ £3,000 ਤੱਕ ਦੀ ਗੈਰ-ਵਾਪਸੀ ਯੋਗ ਸਾਲਾਨਾ ਵਿੱਤੀ ਮਦਦ ਦੀ ਪੇਸ਼ਕਸ਼ ਕਰ ਸਕਦੇ ਹਾਂ। ਜੇਕਰ ਉਹਨਾਂ ਨੂੰ ਕ੍ਰੈਂਕਸਟਾਰਟ ਸਕਾਲਰਸ਼ਿਪ ਵੀ ਮਿਲੀ ਹੈ, ਤਾਂ ਉਹ ਹਰ ਸਾਲ, £7,200 ਦੀ ਕੁਲ ਅਧਿਕਤਮ ਵਿੱਤੀ ਮਦਦ ਲਈ ਯੋਗ ਹੋ ਸਕਦੇ ਹਨ।

### ਆਕਸਫੋਰਡ ਯਾਤਰਾ ਪੂਰਕ

ਜੇਕਰ ਤੁਹਾਡੇ ਬੱਚੇ ਨੂੰ ਕ੍ਰੈਂਕਸਟਾਰਟ ਸਕਾਲਰਸ਼ਿਪ ਜਾਂ ਆਕਸਫੋਰਡ ਵਿੱਤੀ ਮਦਦ ਮਿਲੀ ਹੈ ਅਤੇ ਉਹ ਆਕਸਫੋਰਡ ਤੋਂ 80 ਅਤੇ 150 ਮੀਲ ਦੀ ਦੂਰੀ ਤੇ ਰਹਿੰਦਾ ਹੈ, ਤਾਂ ਉਸਨੂੰ £200 ਦਾ ਇੱਕ ਗੈਰ-ਵਾਪਸੀ ਯੋਗ ਸਲਾਨਾ ਆਕਸਫੋਰਡ ਯਾਤਰਾ ਪੂਰਕ ਦਿੱਤਾ ਜਾਵੇਗਾ। ਜੇਕਰ ਉਹ ਆਕਸਫੋਰਡ ਤੋਂ 150 ਮੀਲ ਤੋਂ ਵੀ ਵੱਧ ਦੂਰੀ 'ਤੇ ਰਹਿੰਦੇ ਹਨ, ਤਾਂ ਉਨ੍ਹਾਂ ਨੂੰ £500 ਪ੍ਰਾਪਤ ਹੋਣਗੇ।

### ਵਿਦਿਆਰਥੀ ਦੀ ਮਦਦ ਲਈ ਵਿੱਤੀ ਸਹਾਇਤਾ

ਇਹ ਵਿੱਤੀ ਮਦਦ ਯੂ.ਕੇ. ਦੇ ਉਨ੍ਹਾਂ ਵਿਦਿਆਰਥੀਆਂ ਦੀ ਸਹਾਇਤਾ ਕਰਦੀ ਹੈ ਜਿਨ੍ਹਾਂ ਨੂੰ ਕਈ ਹਾਲਤਾਂ ਵਿੱਚ ਵਿੱਤੀ ਮਦਦ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਆਪਣਾ ਕੋਰਸ ਸ਼ੁਰੂ ਕਰ ਲੈਣ ਤੋਂ ਬਾਅਦ ਕੋਈ ਵਿੱਤੀ ਸਮੱਸਿਆ ਹੈ ਜਾਂ ਵਾਧੂ ਖ਼ਰਚਿਆਂ ਨੂੰ ਪੂਰਾ ਕਰਨ ਦੀ ਲੋੜ ਪੈਂਦੀ ਹੈ, ਤਾਂ ਉਹ ਗੈਰ-ਵਾਪਸੀ ਯੋਗ ਪੂਰਕ ਵਿੱਤੀ ਮਦਦ ਲਈ ਅਰਜ਼ੀ ਦੇ ਸਕਦੇ ਹਨ।







ਕਾਲਜ ਵਿੱਚ ਭੋਜਨ ਕਰਨਾ ਸਚਮੁਚ ਸਸਤਾ ਹੈ, ਅਤੇ ਤੁਹਾਨੂੰ ਕਦੇ-ਕਦਾਈ ਹੀ ਕਿਤਾਬਾਂ ਖਰੀਦਣੀਆਂ ਪੈਂਦੀਆਂ ਹਨ ਕਿਉਂਕਿ ਆਕਸਫੋਰਡ ਵਿੱਚ ਸਭ ਕੁਝ ਮਿਲਦਾ ਹੈ।

**ਮੇਵੈ**

### ਕਾਲਜ ਖਰਚਿਆਂ ਨੂੰ ਕਿਵੇਂ ਘੱਟ ਰੱਖਦੇ ਹਨ?

ਬਹੁਤ ਸਾਰੇ ਕਾਲਜ ਖੋਜ, ਉਪਕਰਣ ਅਤੇ ਅਧਿਐਨ ਨਾਲ ਸਬੰਧਤ ਯਾਤਰਾ ਜਿਹੀਆਂ ਚੀਜ਼ਾਂ ਲਈ ਵਾਧੂ ਵਿੱਤੀ ਮਦਦ ਦੀ ਪੇਸ਼ਕਸ਼ ਕਰਦੇ ਹਨ, ਅਤੇ ਨਾਲ ਹੀ ਉਨ੍ਹਾਂ ਵਿਦਿਆਰਥੀਆਂ ਲਈ ਲੋੜੀਂਦੀ ਵਿੱਤੀ ਮਦਦ ਦੀ ਪੇਸ਼ਕਸ਼ ਕਰਦੇ ਹਨ ਜਿਨ੍ਹਾਂ ਨੂੰ ਕਿਸੇ ਖਾਸ ਕੰਮ ਲਈ ਜਾਂ ਅਚਾਨਕ ਵਿੱਤੀ ਮਦਦ ਦੀ ਲੋੜ ਹੁੰਦੀ ਹੈ।

### ਆਕਸਫੋਰਡ ਬੱਚਿਆਂ ਦੇ ਖਰਚਿਆਂ ਨੂੰ ਹੋਰ ਕਿਵੇਂ ਘੱਟ ਕਰਦਾ ਹੈ?

- ਆਕਸਫੋਰਡ ਦੇ ਨੇੜੇ-ਤੇੜੇ ਲਗਭਗ 13 ਮਿਲੀਅਨ ਛਪੀਆਂ ਹੋਈਆਂ ਵਸਤਾਂ ਦੀਆਂ 100 ਤੋਂ ਵੱਧ ਲਾਇਬ੍ਰੇਰੀਆਂ ਹਨ, ਇਸ ਲਈ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਕਿਤਾਬਾਂ ਅਤੇ ਅਧਿਐਨ ਸਰੋਤਾਂ ਲਈ ਪੈਸੇ ਖਰਚ ਕਰਨ ਦੀ ਲੋੜ ਨਹੀਂ ਪੈਂਦੀ ਹੈ।
- ਆਕਸਫੋਰਡ ਕਾਲਜ ਸਬਸਿਡੀ ਵਾਲਾ ਭੋਜਨ ਅਤੇ ਮਨੋਰੰਜਨ ਪ੍ਰਦਾਨ ਕਰਦਾ ਹੈ, ਇਸ ਲਈ ਖਾਣ-ਪੀਣ ਅਤੇ ਕਿਰਿਆਸ਼ੀਲ ਸਮਾਜਿਕ ਜੀਵਨ ਲਈ ਬਹੁਤ ਜ਼ਿਆਦਾ ਖਰਚੇ ਦੀ ਲੋੜ ਨਹੀਂ ਹੁੰਦੀ ਹੈ।
- ਯੂਨੀਵਰਸਿਟੀ ਅਤੇ ਕਾਲਜਾਂ ਦੀਆਂ ਆਪਣੀਆਂ ਖੇਡ ਸਹੂਲਤਾਂ ਹਨ ਜੋ ਆਮ ਤੌਰ 'ਤੇ ਵਿਦਿਆਰਥੀਆਂ ਲਈ ਮੁਫਤ ਜਾਂ ਸਬਸਿਡੀ ਵਾਲੀਆਂ ਹੁੰਦੀਆਂ ਹਨ।
- ਤੁਹਾਡੇ ਬੱਚੇ ਨੂੰ ਉਸ ਦੇ ਕੋਰਸ ਲਈ ਘੱਟੋ ਘੱਟ ਦੋ ਸਾਲਾਂ ਲਈ ਕਾਲਜ ਦਾ ਕਮਰਾ ਦਿੱਤਾ ਜਾਵੇਗਾ। ਇਸਦਾ ਮਤਲਬ ਹੈ ਕਿ ਉਨ੍ਹਾਂ ਨੂੰ ਸਿਰਫ ਆਪਣੇ ਕੋਰਸ ਦੀ ਮਿਆਦ ਦੌਰਾਨ ਕਿਰਾਇਆ ਦੇਣਾ ਪੈਂਦਾ ਹੈ, ਜੋ ਆਮ ਤੌਰ 'ਤੇ ਸਿਰਫ ਅੱਠ ਹਫਤੇ ਲੰਬਾ ਹੁੰਦਾ ਹੈ।



ਮੇਰੇ ਘਰ ਵਿੱਚ ਮੈਂ ਅਤੇ ਮੇਰੀ ਮਾਂ ਹੀ ਹੈ, ਅਤੇ ਮੇਰੀ ਮਾਂ ਨੂੰ ਇੱਕ ਗੰਭੀਰ ਬਿਮਾਰੀ ਹੈ, ਜਿਸ ਦੇ ਨਤੀਜੇ ਵਜੋਂ ਮੈਂ ਲਗਭਗ ਪੰਜ ਸਾਲਾਂ ਤੋਂ ਉਸਦੀ ਦੇਖਭਾਲ ਕਰ ਰਿਹਾ ਹਾਂ। ਪੈਸੇ ਹੀ ਆਖਰੀ ਚੀਜ ਸੀ ਜਿਸਦੀ ਮੈਨੂੰ ਲੋੜ ਸੀ ਕਿਉਂਕਿ ਮੈਂ ਆਕਸਫੋਰਡ ਆਉਣ ਦੀ ਤਿਆਰੀ ਕਰ ਰਿਹਾ ਸੀ... ਕ੍ਰੈਂਕਸਟਾਰਟ ਨੇ ਮੇਰੇ ਸਿਰ ਤੋਂ ਕਾਫੀ ਵੱਡਾ ਬੋਝ ਉਤਾਰ ਦਿੱਤਾ। ਬੇਸ਼ੱਕ, ਕ੍ਰੈਂਕਸਟਾਰਟ ਸਕਾਲਰਸ਼ਿਪ ਮੈਨੂੰ ਹੁਣ ਤੱਕ ਮਿਲਣ ਵਾਲਿਆਂ ਸਭ ਤੋਂ ਕੀਮਤੀ ਮੌਕਿਆਂ ਵਿੱਚੋਂ ਇੱਕ ਸੀ।

**ਏਲ**

ਵਿੱਤੀ ਮਦਦ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਕਿਉਂਕਿ ਇਹ ਜ਼ਿਆਦਾਤਰ ਰਿਹਾਇਸ਼ੀ ਖਰਚਿਆਂ ਨੂੰ ਕਵਰ ਕਰਦੀ ਹੈ। ਮੈਨੂੰ ਆਪਣੀ ਵਿੱਤੀ ਸਥਿਤੀ ਬਾਰੇ ਚਿੰਤਨ ਕਰਨ ਦੀ ਕੋਈ ਲੋੜ ਨਹੀਂ ਹੈ, ਅਤੇ ਮੈਂ ਮੈਂ ਆਪਣੀ ਪੜ੍ਹਾਈ ਤੇ ਧਿਆਨ ਕੇਂਦਰਤ ਕਰ ਸਕਦਾ ਹਾਂ।

**ਲੁਕਾਸ**



# ਉਹ ਕੋਈ ਕੋਰਸ ਕਿਵੇਂ ਚੁਣਦੇ ਹਨ?

## ਜੋ ਉਹਨਾਂ ਨੂੰ ਪਸੰਦ ਹੁੰਦਾ ਹੈ

ਕੁਝ ਵਿਦਿਆਰਥੀ ਯੂਨੀਵਰਸਿਟੀ ਵਿੱਚ ਆਪਣੇ ਮਨਪਸੰਦ ਸਕੂਲੀ ਵਿਸ਼ਾ ਪੜ੍ਹਨਾ ਚਾਹੁੰਦੇ ਹਨ, ਜਦਕਿ ਦੂਸਰੇ ਕੁਝ ਨਵਾਂ ਸਿੱਖਣਾ ਚਾਹੁੰਦੇ ਹਨ। ਕਿਸੇ ਵਿਦਿਆਰਥੀ ਲਈ ਯੂਨੀਵਰਸਿਟੀ ਵਿੱਚ ਦਾਖਲ ਹੋਣ ਦੀ ਬੇਨਤੀ ਕਰਦੇ ਹੋਏ, ਕਿਸੇ ਕੋਰਸ ਦੀ ਚੋਣ ਕਰਨਾ ਸਭ ਤੋਂ ਮਹੱਤਵਪੂਰਣ ਫ਼ੈਸਲਾ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਫੈਸਲਾ ਕਰਨਾ ਮੁਸ਼ਕਲ ਹੋ ਸਕਦਾ ਹੈ, ਪਰ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਤੁਹਾਡਾ ਬੱਚਾ ਅਜਿਹਾ ਕੋਰਸ ਚੁਣੇ ਜਿਸ ਬਾਰੇ ਉਹ ਸੱਚਮੁੱਚ ਹੋਰ ਜਾਣਨਾ ਚਾਹੁੰਦਾ ਹੈ, ਇਸ ਨਾਲ ਉਹ ਅਧਿਐਨ ਦਾ ਅਨੰਦ ਮਾਣੇਗਾ। ਜੋ ਵੀ ਉਨ੍ਹਾਂ ਦਾ ਡਿਗਰੀ ਕੋਰਸ ਸਾਡੇ ਵਿਦਿਆਰਥੀਆਂ ਕੋਲ ਪੜ੍ਹਾਈ ਕਰਨ ਤੋਂ ਬਾਅਦ ਚੋਣ ਕਰਨ ਲਈ ਬਹੁਤ ਵਧੀਆ ਕੈਰੀਅਰ ਚੋਣ ਹੁੰਦੀ ਹੈ।



### ਉਹ ਸਹੀ ਕੋਰਸ ਕਿਵੇਂ ਚੁਣ ਸਕਦੇ ਹਨ?

ਅਧਿਐਨ ਕਰਨ ਲਈ ਸਹੀ ਕੋਰਸ ਚੁਣਨ ਦੇ ਬਹੁਤ ਸਾਰੇ ਵੱਖ-ਵੱਖ ਢੰਗ ਹਨ।

### ਮਨਪਸੰਦ ਵਿਸ਼ਾ

ਕੁਝ ਲੋਕਾਂ ਦਾ ਸਕੂਲ ਤੋਂ ਹੀ ਇੱਕ ਮਨਪਸੰਦ ਵਿਸ਼ਾ ਹੁੰਦਾ ਹੈ ਜੋ ਉਹ ਯੂਨੀਵਰਸਿਟੀ ਵਿੱਚ ਵੀ ਪੜ੍ਹਨਾ ਚਾਹੁੰਦੇ ਹੁੰਦੇ ਹਨ। ਕੋਰਸ ਵਿੱਚ ਕੀ ਸ਼ਾਮਲ ਹੈ, ਇਸ ਨੂੰ ਵਿਸਥਾਰ ਨਾਲ ਵੇਖਣਾ ਮਹੱਤਵਪੂਰਣ ਹੁੰਦਾ ਹੈ, ਕਿਉਂਕਿ ਕੁਝ ਵਿਸ਼ੇ ਯੂਨੀਵਰਸਿਟੀ ਵਿੱਚ ਸਕੂਲ ਨਾਲੋਂ ਵੱਖਰੇ ਹੋ ਸਕਦੇ ਹਨ।

### ਕਈ ਵਿਸ਼ਿਆਂ ਨੂੰ ਇੱਕਠੇ ਪੜ੍ਹਨਾ

ਆਕਸਫੋਰਡ ਕਈ 'ਸਾਂਝੇ' ਕੋਰਸਾਂ ਦੀ ਪੇਸ਼ਕਸ਼ ਕਰਦਾ ਹੈ, ਜੋ ਇੱਕੋ ਸਮੇਂ ਇਕੱਠੇ ਅਧਿਐਨ ਕੀਤੇ ਜਾਣ ਵਾਲੇ ਵੱਖੋ ਵੱਖਰੇ ਵਿਸ਼ੇ ਹੁੰਦੇ ਹਨ। ਇਸਦਾ ਮਤਲਬ ਹੈ ਕਿ ਵਿਦਿਆਰਥੀ ਆਪਣੀ ਦਿਲਚਸਪੀ ਵਾਲੇ ਵੱਖੋ-ਵੱਖਰੇ ਵਿਸ਼ਿਆਂ ਦੀ ਪੜਚੋਲ ਕਰ ਸਕਦੇ ਹਨ, ਅਤੇ ਇਹ ਵੇਖ ਸਕਦੇ ਹਨ ਕਿ ਇਹਨਾਂ ਨੂੰ ਇੱਕਠੇ ਪੜ੍ਹਨਾ ਕਿਵੇਂ ਦਾ ਅਨੁਭਵ ਹੋ ਸਕਦਾ ਹੈ।

### ਕੁਝ ਨਵਾਂ ਹੈ

ਅਜਿਹੇ ਕਈ ਕੋਰਸ ਹੁੰਦੇ ਹਨ ਜੋ ਆਮ ਤੌਰ 'ਤੇ ਸਕੂਲ ਵਿੱਚ ਉਪਲਬਧ ਨਹੀਂ ਹੁੰਦੇ ਹਨ, ਜਿਵੇਂ ਕਿ ਪੁਰਾਤੱਤਵ ਅਤੇ ਮਾਨਵ ਵਿਗਿਆਨ, ਬਾਇਓਕੈਮਿਸਟਰੀ ਅਤੇ ਮਨੁੱਖੀ ਵਿਗਿਆਨ। ਇਹ ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਸੰਪੂਰਨ ਹਨ ਜੋ ਕਿਸੇ ਨਵੀਂ ਚੀਜ਼ ਬਾਰੇ ਸਿੱਖਣਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਆਕਰਸ਼ਤ ਕਰਦੀ ਹੈ।

> ਕਈ ਨੌਕਰੀਆਂ ਯੂਨੀਵਰਸਿਟੀ ਵਿੱਚ ਪੜ੍ਹੇ ਜਾਂਦੇ ਵਿਸ਼ੇ ਨੂੰ ਨਿਰਧਾਰਤ ਨਹੀਂ ਕਰਦਿਆਂ; ਸਾਰੇ ਡਿਗਰੀ ਕੋਰਸ ਤੁਹਾਨੂੰ ਰੁਜ਼ਗਾਰ ਯੋਗਤਾ ਦੇ ਕਈ ਹੁਨਰਾਂ ਨਾਲ ਲੈਸ ਕਰਦੇ ਹਨ।
>
> **ਜੋਨਾਥਨ ਬਲੈਕ, ਕੈਰੀਅਰ ਸੇਵਾ**



**ਸਾਡੀ ਕੋਰਸ ਚੁਣਨ ਸੰਬੰਧੀ ਵੀਡੀਓ ਦੇਖੋ:**
**ox.ac.uk/whichcourse**





### ਕੀ ਸਾਰੀਆਂ ਯੂਨੀਵਰਸਿਟੀਆਂ ਦੇ ਕੋਰਸ ਇੱਕੋ ਜਿਹੇ ਹੁੰਦੇ ਹਨ?

ਵੱਖ-ਵੱਖ ਯੂਨੀਵਰਸਿਟੀਆਂ ਦੇ ਕੋਰਸ ਵੱਖ-ਵੱਖ ਹੋ ਸਕਦੇ ਹਨ, ਭਾਵੇਂ ਉਨ੍ਹਾਂ ਨੂੰ ਇੱਕੋ ਕਿਹਾ ਜਾਵੇ। ਤੁਹਾਡੇ ਬੱਚੇ ਲਈ ਇਹ ਵਧੀਆ ਵਿਚਾਰ ਹੈ ਕਿ ਕੋਰਸ ਵਿੱਚ ਕੀ ਸ਼ਾਮਲ ਹੈ ਨੂੰ ਵਿਸਥਾਰ ਨਾਲ ਵੇਖੇ ਅਤੇ ਇਹ ਸੁਨਿਸ਼ਚਿਤ ਕਰੇ ਕਿ ਇਸ ਵਿੱਚ ਉਸਦੀ ਦਿਲਚਸਪੀ ਹੈ ਜਾਂ ਨਹੀਂ।

### ਆਕਸਫੋਰਡ ਵਿਖੇ ਕਿਸ ਤਰ੍ਹਾਂ ਦੇ ਕੋਰਸ ਉਪਲਬਧ ਹਨ?

ਆਕਸਫੋਰਡ ਵਿਖੇ ਕਈ ਤਰ੍ਹਾਂ ਦੇ ਕੋਰਸ ਉਪਲਬਧ ਹਨ, ਪਰ ਉਨ੍ਹਾਂ ਵਿੱਚ ਕੁਝ ਚੀਜ਼ਾਂ ਇਕਸਾਰ ਹਨ।

- ਸਾਡੇ ਸਾਰੇ ਕੋਰਸਾਂ ਦੀ ਘੱਟੋ ਘੱਟ ਮਿਆਦ ਤਿੰਨ ਸਾਲ ਹੈ, ਪਰ ਕੁਝ ਦੀ ਮਿਆਦ ਚਾਰ ਜਾਂ ਪੰਜ ਸਾਲ ਵੀ ਹੋ ਸਕਦੀ ਹੈ। ਇਹ ਆਮ ਤੌਰ 'ਤੇ ਉਦੋਂ ਹੁੰਦਾ ਹੈ ਜਦੋਂ ਉਹ ਇਸ ਵਿੱਚ ਵਿਦੇਸ਼ ਵਿੱਚ ਇੱਕ ਸਾਲ ਜਾਂ ਇੱਕ ਵਿਸਤ੍ਰਿਤ ਪ੍ਰੋਜੈਕਟ ਸ਼ਾਮਲ ਕਰਦੇ ਹਨ।
- ਸਾਡੇ ਸਾਰੇ ਕੋਰਸਾਂ ਵਿੱਚ ਜ਼ਰੂਰੀ ਵਿਸ਼ੇ ਸ਼ਾਮਲ ਹੁੰਦੇ ਹਨ, ਅਤੇ ਨਾਲ ਹੀ ਵੱਖੋ-ਵੱਖਰੇ ਵਿਕਲਪ ਸ਼ਾਮਲ ਹੁੰਦੇ ਹਨ ਜੋ ਵਿਦਿਆਰਥੀ ਆਪਣੀ ਮਰਜ਼ੀ ਮੁਤਾਬਕ ਚੁਣ ਸਕਦੇ ਹਨ, ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਚੀਜ਼ ਵਿੱਚ ਦਿਲਚਸਪੀ ਰੱਖਦੇ ਹਨ।

### ਦਾਖਲਾ ਲੈਣ ਲਈ ਕਿੰਨੇ ਗ੍ਰੇਡ ਚਾਹੀਦੇ ਹਨ?

ਗ੍ਰੇਡ ਜੋ ਇੱਕ ਵਿਦਿਆਰਥੀ ਏ-ਪੱਧਰ (ਜਾਂ ਇਸਦੇ ਬਰਾਬਰ) 'ਤੇ ਪ੍ਰਾਪਤ ਕਰਦਾ ਹੈ, ਉਹਨਾਂ ਯੂਨੀਵਰਸਿਟੀ ਕੋਰਸਾਂ ਵਿੱਚ ਇੱਕ ਵੱਡਾ ਫਰਕ ਪਾਉਂਦਾ ਹੈ ਜੋ ਉਹਨਾਂ ਲਈ ਉਪਲਬਧ ਹੋ ਸਕਦੇ ਹਨ। ਵਿਦਿਆਰਥੀਆਂ ਨੂੰ ਕੁਝ ਕੋਰਸਾਂ ਲਈ ਅਰਜ਼ੀ ਦੇਣ ਦੇ ਯੋਗ ਹੋਣ ਲਈ ਕੁਝ ਵਿਸ਼ਿਆਂ ਦਾ ਪਹਿਲਾਂ ਅਧਿਐਨ ਕੀਤੇ ਹੋਣ ਦੀ ਵੀ ਲੋੜ ਹੁੰਦੀ ਹੈ। ਆਕਸਫੋਰਡ ਲਈ ਢੁੱਕਵੀਂ ਐਪਲੀਕੇਸ਼ਨ ਦੇਣ ਲਈ, ਵਿਦਿਆਰਥੀ ਤੋਂ ਤਿੰਨ ਏ-ਲੈਵਲ (ਜਾਂ ਇਸਦੇ ਬਰਾਬਰ) ਪ੍ਰਾਪਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਉਹਨਾਂ ਲਈ ਲੋੜੀਂਦੇ ਗ੍ਰੇਡ ਵੱਖੋ-ਵੱਖਰੇ ਕੋਰਸ ਦੇ ਅਧਾਰ 'ਤੇ ਵੱਖੋ ਵੱਖਰੇ ਹੁੰਦੇ ਹਨ, ਅਤੇ ਬਹੁਤ ਸਾਰੇ ਸਫਲ ਉਮੀਦਵਾਰ ਅਸਲ ਵਿੱਚ ਇਹਨਾਂ ਨਾਲੋਂ ਉੱਚੇ ਗ੍ਰੇਡ ਪ੍ਰਾਪਤ ਕਰਦੇ ਹਨ, ਪਰ ਇਹ ਅਕਸਰ ਇਹਨਾਂ ਨੇੜੇ-ਤੇੜੇ ਹੁੰਦੇ ਹਨ:

- A-ਪੱਧਰ: A*A*A-AAA.
- ਜੇਕਰ ਤੁਹਾਡਾ ਬੱਚਾ ਵਿਗਿਆਨ ਵਿੱਚ ਏ-ਪੱਧਰ ਲੈ ਰਿਹਾ ਹੈ, ਤਾਂ ਉਹਨਾਂ ਤੋਂ ਵਿਵਹਾਰਕ ਭਾਗ ਲੈਣ ਅਤੇ ਪਾਸ ਕਰਨ ਦੀ ਵੀ ਉਮੀਦ ਕੀਤੀ ਜਾਂਦੀ ਹੈ।







# ਉੱਥੇ ਕਿਸ ਕਿਸਮ ਦੀ ਪੜ੍ਹਾਈ ਹੁੰਦੀ ਹੈ?

## ਮਾਹਰ ਅਤੇ ਪਸੰਦ ਮੁਤਾਬਕ

ਆਕਸਫੋਰਡ ਦੀ ਸਿੱਖਿਆ ਬਹੁਤ ਸਾਰੀਆਂ ਹੋਰ ਯੂਨੀਵਰਸਿਟੀਆਂ ਨਾਲੋਂ ਵੱਖਰੀ ਹੈ। ਟਿਊਟਰ ਹਰੇਕ ਵਿਦਿਆਰਥੀ ਵੱਲ ਖਾਸ ਧਿਆਨ ਦਿੰਦੇ ਹਨ, ਇਸ ਦੇ ਨਾਲ-ਨਾਲ ਸੁਤੰਤਰ ਤੌਰ 'ਤੇ ਸਿੱਖਣ ਲਈ ਵੀ ਉਤਸ਼ਾਹਤ ਕੀਤਾ ਜਾਂਦਾ ਹੈ।

### ਆਕਸਫੋਰਡ ਵਿਖੇ ਵਿਦਿਆਰਥੀਆਂ ਨੂੰ ਕਿਵੇਂ ਪੜ੍ਹਾਇਆ ਜਾਂਦਾ ਹੈ?

ਆਕਸਫੋਰਡ ਵਿਖੇ ਵਿਦਿਆਰਥੀ ਆਮ ਤੌਰ 'ਤੇ ਕੋਰਸ ਮਿਆਦ ਦੌਰਾਨ ਨਿਯਮਤ ਟਿਊਟੋਰਿਅਲ ਅਧਿਆਪਨ ਪ੍ਰਾਪਤ ਕਰਦੇ ਹਨ। ਇੱਕ ਟਿਊਟੋਰਿਅਲ ਇੱਕ ਕੋਰਸ ਦੇ ਵਿਸ਼ੇ 'ਤੇ ਇੱਕ ਗੱਲਬਾਤ ਹੁੰਦੀ ਹੈ, ਜੋ ਆਮ ਤੌਰ' ਤੇ ਇੱਕ ਅਧਿਆਪਕ ਅਤੇ ਦੋ ਜਾਂ ਤਿੰਨ ਵਿਦਿਆਰਥੀਆਂ ਵਿਚਕਾਰ ਹੁੰਦੀ ਹੈ, ਅਤੇ ਲਗਭਗ ਇੱਕ ਘੰਟਾ ਚੱਲਦੀ ਹੈ। ਇਸ ਸਮੇਂ ਦੇ ਦੌਰਾਨ, ਉਹ ਇਸ ਬਾਰੇ ਗੱਲ ਕਰਨਗੇ ਕਿ ਵਿਦਿਆਰਥੀ ਉਸ ਹਫਤੇ ਕੀ ਸਿੱਖ ਰਹੇ ਹਨ ਅਤੇ ਉਨ੍ਹਾਂ ਨੂੰ ਉਹਨਾਂ ਦੇ ਕੰਮ ਦਾ ਫੀਡਬੈਕ ਦਿੱਤਾ ਜਾਵੇਗਾ। ਉਹ ਕਿਹੜਾ ਕੋਰਸ ਕਰ ਰਹੇ ਹਨ 'ਤੇ ਨਿਰਭਰ ਕਰਦਿਆਂ, ਇਹ ਲੇਖ ਜਾਂ ਸਮੱਸਿਆ ਸ਼ੀਟ ਹੋ ਸਕਦੀ ਹੈ।

### ਕੀ ਇੱਥੇ ਹੋਰ ਕਿਸਮ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ?

ਟਿਊਟੋਰਿਅਲ ਦੇ ਨਾਲ, ਵਿਦਿਆਰਥੀ ਲੈਕਚਰ ਵੀ ਸੁਣਦੇ ਹਨ, ਜਿੱਥੇ ਇੱਕ ਅਧਿਆਪਕ ਵੱਡੇ ਸਮੂਹ ਨਾਲ ਕਿਸੇ ਵਿਸ਼ੇ 'ਤੇ ਗੱਲ ਕਰਦਾ ਹੈ। ਇਸ ਵਿੱਚ ਵਿਦਿਆਰਥੀਆਂ ਦੇ ਸਮੂਹ ਨਾਲ ਹਫਤਾਵਾਰੀ ਕਲਾਸਾਂ ਵੀ ਹੋ ਸਕਦੀਆਂ ਹਨ। ਕੁਝ ਕੋਰਸ, ਖ਼ਾਸਕਰ ਵਿਗਿਆਨ ਵਿੱਚ, ਪ੍ਰਯੋਗਸ਼ਾਲਾਵਾਂ ਜਾਂ ਫੀਲਡਵਰਕ ਆਉਟ ਅਤੇ ਪ੍ਰੈਕਟੀਕਲ ਸੈਸ਼ਨ ਹੁੰਦੇ ਹਨ।

### ਕੀ ਉਹ ਆਪਣੇ ਆਪ ਵੀ ਪੜ੍ਹਦੇ ਹਨ?

ਆਕਸਫੋਰਡ ਵਿਖੇ, ਵਿਦਿਆਰਥੀਆਂ ਤੋਂ ਜ਼ਿਆਦਾਤਰ ਆਪਣੇ ਆਪ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਸ ਵਿੱਚ ਅਕਸਰ ਕਿਤਾਬਾਂ ਦੀ ਇੱਕ ਰੀਡਿੰਗ ਸੂਚੀ ਰਾਹੀਂ ਕੰਮ ਕਰਨਾ, ਲੇਖ ਲਿਖਣਾ ਜਾਂ ਸਵਾਲਾਂ ਦੀ ਸਮੱਸਿਆ ਸ਼ੀਟ ਨੂੰ ਪੂਰਾ ਕਰਨਾ ਸ਼ਾਮਲ ਹੁੰਦਾ ਹੈ। ਵਿਦਿਆਰਥੀ ਇਨ੍ਹਾਂ ਕੰਮਾਂ 'ਤੇ ਸੁਤੰਤਰ ਤੌਰ' ਤੇ ਕੰਮ ਕਰਦੇ ਹਨ, ਪਰ ਉਨ੍ਹਾਂ ਦੇ ਅਧਿਆਪਕ ਸਵਾਲਾਂ ਦੇ ਜਵਾਬ ਦੇਣ ਅਤੇ ਮਦਦ ਕਰਨ ਲਈ ਉਪਲਬਧ ਹੋ ਸਕਦੇ ਹਨ। ਕੰਮ ਕਰਨ ਦੀ ਇਸ ਸ਼ੈਲੀ ਦਾ ਮਤਲਬ ਹੈ ਕਿ ਵਿਦਿਆਰਥੀ ਵਧਿਆ ਢੰਗ ਨਾਲ ਆਪਣੇ ਸਮੇਂ ਦਾ ਪ੍ਰਬੰਧਨ ਕਰਨਾ ਸਿੱਖ ਸਕਦੇ ਹਨ। ਵਿਹਾਰਕ ਕੰਮ ਨਾਲ ਵਿਗਿਆਨ ਕੋਰਸ ਕਰਨ ਵਾਲੇ ਵਿਦਿਆਰਥੀ ਲਈ ਇਤਿਹਾਸ ਜਾਂ ਅੰਗ੍ਰੇਜ਼ੀ ਵਰਗੇ ਲੇਖ-ਅਧਾਰਤ ਵਿਸ਼ਿਆਂ ਦੀ ਤੁਲਨਾ ਵਿੱਚ ਘੱਟ ਕੰਮ ਕਰਨ ਜਾਂ ਆਪਣੇ ਆਪ ਕੰਮ ਕਰਨ ਦੀ ਸੰਭਾਵਨਾ ਹੁੰਦੀ ਹੈ।

### ਕੀ ਇਮਤਿਹਾਨ ਹਨ?

ਆਕਸਫੋਰਡ ਵਿਖੇ ਕੋਰਸਾਂ ਦਾ ਮੁਲਾਂਕਣ ਮੁੱਖ ਤੌਰ ਤੇ ਪ੍ਰੀਖਿਆਵਾਂ ਦੁਆਰਾ ਕੀਤਾ ਜਾਂਦਾ ਹੈ ਪਰ, ਵਿਸ਼ੇ 'ਤੇ ਆਧਾਰ 'ਤੇ, ਪ੍ਰੋਜੈਕਟ ਜਾਂ ਲੰਬੇ ਲੇਖ ਵੀ ਸ਼ਾਮਲ ਹੋ ਸਕਦੇ ਹਨ। ਬਹੁਤੇ ਕੋਰਸਾਂ ਵਿੱਚ, ਵਿਦਿਆਰਥੀ ਆਪਣੇ ਪਹਿਲੇ ਸਾਲ ਵਿੱਚ ਹੀ ਪ੍ਰੀਖਿਆ ਦਿੰਦੇ ਹਨ। ਉਹਨਾਂ ਲਈ ਇਹਨਾਂ ਨੂੰ ਪਾਸ ਕਰਨਾ ਲਾਜ਼ਮੀ ਹੁੰਦਾ ਹੈ, ਪਰ ਇਸ ਨੂੰ ਉਹਨਾਂ ਦੀ ਡਿਗਰੀ ਦੀ ਅੰਤਮ ਕਲਾਸ ਵਿੱਚ ਨਹੀਂ ਗਿਣਿਆ ਜਾਂਦਾ ਹੈ। ਅਗਲੇ ਸਾਲਾਂ ਵਿੱਚ, ਵਿਦਿਆਰਥੀ 'ਅੰਤਮ' ਪ੍ਰੀਖਿਆਵਾਂ ਵੱਲ ਧਿਆਨ ਦਿੰਦੇ ਹਨ, ਜੋ ਆਮ ਤੌਰ 'ਤੇ ਉਨ੍ਹਾਂ ਦੀ ਕੋਰਸ ਮਿਆਦ ਦੇ ਅਖੀਰ ਵਿੱਚ ਹੁੰਦੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜੇ ਉਨ੍ਹਾਂ ਦੀ ਡਿਗਰੀ ਦੀ ਕਲਾਸ ਦਾ ਫੈਸਲਾ ਕਰਦੇ ਹਨ।



> ਟਿਊਟੋਰਿਅਲ ਪ੍ਰਣਾਲੀ ਅਵਿਸ਼ਵਾਸੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਸਿੱਖਿਆ ਸਪੁਰਦਗੀ ਨਾਲ ਮੇਲ ਨਹੀਂ ਖਾਂਦੀ।
> **ਅਦਿਤੀ**

**ਭਵਿੱਖ ਲਈ ਹੁਨਰ ਸਿੱਖਣਾ**
ਆਕਸਫੋਰਡ ਵਿਖੇ ਜਿਸ ਤਰ੍ਹਾਂ ਵਿਦਿਆਰਥੀਆਂ ਨੂੰ ਸਿਖਾਇਆ ਜਾਂਦਾ ਹੈ, ਉਹ ਉਹਨਾਂ ਨੂੰ ਵਧਿਆ ਹੁਨਰ ਪ੍ਰਦਾਨ ਕਰਦਾ ਹੈ - ਜਿਵੇਂ ਕਿ ਆਪਣੇ ਲਈ ਸੋਚਣਾ ਅਤੇ ਸਪਸ਼ਟ ਤੌਰ 'ਤੇ ਗੱਲ ਕਹਿਣਾ – ਜਿਨ੍ਹਾਂ ਦੀ ਉਹ ਆਪਣੇ ਬਾਅਦ ਦੇ ਜੀਵਨ ਅਤੇ ਕੈਰੀਅਰ ਵਿੱਚ ਵਰਤੋਂ ਕਰ ਸਕਦੇ ਹਨ।

# ਉੱਥੇ ਪੜ੍ਹਾਈ ਲਈ ਹੋਰ ਕਿਸ ਤਰ੍ਹਾਂ ਦੀ ਮਦਦ ਮਿਲਦੀ ਹੈ?

## ਨਿੱਜੀ ਮਦਦ, ਲੱਖਾਂ ਕਿਤਾਬਾਂ ਅਤੇ ਸਿੱਖਣ ਲਈ ਸ਼ਾਂਤ ਸਥਾਨ

ਆਕਸਫੋਰਡ ਵਿਖੇ ਵਿਦਿਆਰਥੀ ਬਹੁਤ ਮਿਹਨਤ ਕਰਦੇ ਹਨ, ਪਰ ਉਹ੍ਹਨ੍ਹਾ ਲਈ ਕਾਫ਼ੀ ਮਦਦ ਉਪਲਬਧ ਹੈ, ਅਤੇ ਬਹੁਤ ਸਾਰੀਆਂ ਲਾਇਬ੍ਰੇਰੀਆਂ ਅਤੇ ਹੋਰ ਸਹੂਲਤਾਂ ਇਸ ਨੂੰ ਵੱਧ ਤੋਂ ਵੱਧ ਸੌਖਾ ਬਣਾਉਂਦੀਆਂ ਹਨ। ਅਸੀਂ ਇਹ ਸੁਨਿਸ਼ਚਿਤ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਸਾਰੇ ਵਿਦਿਆਰਥੀ, ਭਾਵੇਂ ਉਨ੍ਹਾਂ ਦੇ ਕਿਹੋ ਜਿਹੇ ਹਾਲਾਤ ਹੋਣ, ਆਕਸਫੋਰਡ ਵਿਖੇ ਆਪਣੇ ਕੋਰਸ ਅਤੇ ਬਤੀਤ ਸਮੇਂ ਤੋਂ ਵੱਧ ਤੋਂ ਵੱਧ ਸਿੱਖਣ ਦੇ ਯੋਗ ਹੋਣ।

### ਉਹ ਮਦਦ ਲਈ ਕਿਸ ਕੋਲ ਜਾ ਸਕਦੇ ਹਨ?

ਆਕਸਫੋਰਡ ਵਿਖੇ ਹਰੇਕ ਵਿਦਿਆਰਥੀ ਨੂੰ ਇੱਕ ਨਿੱਜੀ ਅਧਿਆਪਕ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਦੀ ਪੜ੍ਹਾਈ ਦੀ ਨਿਗਰਾਨੀ ਕਰਦਾ ਹੈ। ਇਹ ਹੋ ਸਕਦਾ ਹੈ ਕਿ ਉਹਨਾਂ ਨੂੰ ਇੱਕੋ ਵਿਅਕਤੀ ਹੀ ਸਿਖਾਏ, ਪਰ ਇਸਦਾ ਮਤਲਬ ਹੈ ਕਿ ਹਰ ਸਮੇਂ ਕੋਈ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਨਾਲ ਕੋਲ ਉਹ ਸਵਾਲਾਂ ਜਾਂ ਚਿੰਤਾਵਾਂ ਲੈਕੇ ਜਾ ਸਕਦੇ ਹਨ। ਇਹ ਅਧਿਆਪਕ ਹਰੇਕ ਵਿਦਿਆਰਥੀ ਨੂੰ ਹਰ ਚੰਗੀ ਤਰ੍ਹਾਂ ਜਾਣਨ ਦੀ ਕੋਸ਼ਿਸ਼ ਕਰਦਾ ਹੈ, ਅਤੇ ਹਰ ਨੂੰ ਲੋੜ ਮੁਤਾਬਕ ਧਿਆਨ ਅਤੇ ਮਦਦ ਦੇ ਸਕਦਾ ਹੈ।

### ਕੀ ਹੋਵੇਗਾ ਜੇਕਰ ਉਨ੍ਹਾਂ ਦੀਆਂ ਖਾਸ ਜ਼ਰੂਰਤਾਂ ਹਨ?

ਜੇਕਰ ਤੁਹਾਡੇ ਬੱਚੇ ਦੀਆਂ ਕੁਝ ਖਾਸ ਜ਼ਰੂਰਤਾਂ ਹਨ – ਜਿਵੇਂ ਕਿ, ਜੇਕਰ ਉਹ ਆਪਣੀਆਂ ਪ੍ਰੀਖਿਆਵਾਂ ਵਿੱਚ ਵਾਧੂ ਸਮੇਂ ਲਈ ਯੋਗ ਹਨ ਜਾਂ ਖਾਸ ਆਈਟੀ ਉਪਕਰਣਾਂ ਦੀ ਜ਼ਰੂਰਤ ਹੈ – ਤਾਂ ਅਪੰਗਤਾ ਸਲਾਹਕਾਰ ਸੇਵਾ ਉਹਨਾਂ ਦੀ ਲੋੜੀਂਦੀ ਮਦਦ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਉਪਲਬਧ ਹੁੰਦੀ ਹੈ। ਕਿਸੇ ਵੀ ਵਾਧੂ ਖਰਚੇ ਨੂੰ ਕਵਰ ਕਰਨ ਵਿੱਚ ਮਦਦ ਕਰਨ ਲਈ, ਤੁਹਾਡਾ ਬੱਚਾ ਅਪਾਹਜ ਵਿਦਿਆਰਥੀਆਂ ਦੇ ਭੱਤੇ ਲਈ ਯੋਗ ਹੋ ਸਕਦਾ ਹੈ।

**ox.ac.uk/das**



“ ”

ਟੈਡਕਲਿਫ ਸਾਇੰਸ ਲਾਇਬ੍ਰੇਰੀ ਪਿਟ ਰਿਵਰਜ਼ ਅਜਾਇਬ ਘਰ ਦੇ ਨਾਲ ਹੈ ਜੋ ਕੁਝ ਖਾਲੀ ਸਮਾਂ ਬਿਤਾਉਣ ਲਈ ਇੱਕ ਚੰਗੀ ਜਗ੍ਹਾ ਹੈ। ਨੇੜਲਾ ਪ੍ਰਾਰਥਨਾ ਕਮਰਾ, ਇਸ ਨੂੰ ਪੜ੍ਹਾਈ ਲਈ ਸੁਵਿਧਾਜਨਕ ਸਥਾਨ ਬਣਾਉਂਦਾ ਹੈ।

**ਅਮੀਨਾ**

### ਲਾਇਬ੍ਰੇਰੀਆਂ ਅਤੇ ਸਿੱਖਣ ਲਈ ਥਾਵਾਂ ਬਾਰੇ ਕੀ?

ਵਿਦਿਆਰਥੀਆਂ ਕੋਲ ਆਪਣੀ ਪੜ੍ਹਾਈ ਵਿੱਚ ਮਦਦ ਲਈ ਸ਼ਾਨਦਾਰ ਸਹੂਲਤਾਂ ਤੱਕ ਪਹੁੰਚ ਹੁੰਦੀ ਹੈ।

#### ਆਕਸਫੋਰਡ ਲਾਇਬ੍ਰੇਰੀਆਂ

ਵਿਦਿਆਰਥੀਆਂ ਕੋਲ ਜ਼ਿਆਦਾਤਰ, ਜੇਕਰ ਸਾਰੀਆਂ ਕਿਤਾਬਾਂ ਨਹੀਂ ਤਾਂ, ਜਿਨ੍ਹਾਂ ਦੀ ਵੀ ਉਨ੍ਹਾਂ ਨੂੰ ਲੋੜ ਹੈ ਜਾਂ ਪਵੇਗੀ ਲਈ, ਅਤੇ ਅਧਿਐਨ ਕਰਨ ਲਈ ਕਾਫ਼ੀ ਸ਼ਾਂਤ ਸਥਾਨਾਂ ਤੱਕ ਮੁਫਤ ਪਹੁੰਚ ਹੁੰਦੀ ਹੈ। ਉਨ੍ਹਾਂ ਨੂੰ ਲਾਇਬ੍ਰੇਰੀਆਂ ਦੀ ਵਰਤੋਂ ਕਰਨ ਲਈ ਸਿਖਲਾਈ ਦਿੱਤੀ ਜਾਏਗੀ, ਅਤੇ ਸਾਡਾ ਮਾਹਰ ਸਟਾਫ ਤੁਹਾਡੇ ਬੱਚੇ ਦੀ ਵੱਡੀ ਗਿਣਤੀ ਵਿੱਚ ਛਾਪੀ ਹੋਈ ਸਮੱਗਰੀ ਅਤੇ ਆਨਲਾਈਨ ਕਿਤਾਬਾਂ ਅਤੇ ਜਾਣਕਾਰੀ ਉਪਲਬਧ ਕਰਾਉਣ ਵਿੱਚ ਮਦਦ ਕਰ ਸਕਦਾ ਹੈ।

**www.bodleian.ox.ac.uk**

#### ਅਜਾਇਬ ਘਰ ਅਤੇ ਗੈਲਰੀਆਂ

ਆਕਸਫੋਰਡ ਵਿਖੇ ਸੱਤ ਅਜਾਇਬ ਘਰ ਅਤੇ ਸੰਗ੍ਰਹਿ ਹਨ। ਖਾਲੀ ਸਮੇਂ ਇਹਨਾਂ ਵਿੱਚ ਜਾਣਾ ਸਮਾਂ ਬਤੀਤ ਕਰਨ ਦਾ ਬਹੁਤ ਵਧੀਆ ਵਿਕਲਪ ਹੈ, ਪਰੰਤੂ ਵਿਦਿਆਰਥੀਆਂ ਵੱਲੋਂ ਵੱਖ-ਵੱਖ ਕੋਰਸਾਂ ਲਈ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

**www.glam.ox.ac.uk**

#### ਭਾਸ਼ਾ ਕੇਂਦਰ

ਆਕਸਫੋਰਡ ਵਿਖੇ ਵਿਦਿਆਰਥੀਆਂ ਨੂੰ ਕੋਈ ਭਾਸ਼ਾ ਸਿੱਖਣ ਦੇ ਯੋਗ ਹੋਣ ਲਈ ਭਾਸ਼ਾ ਦੀ ਡਿਗਰੀ ਦੀ ਪੜ੍ਹਾਈ ਨਹੀਂ ਕਰਨੀ ਪੈਂਦੀ। ਸਾਡੇ ਕੋਲ ਇੱਕ ਕੇਂਦਰ ਹੈ ਜੋ ਸ਼ੁਰੂਆਤੀ ਤੋਂ ਲੈ ਕੇ ਮਾਹਰ ਤੱਕ ਹਰੇਕ ਲਈ ਕਲਾਸਾਂ ਚਲਾਉਂਦਾ ਹੈ। ਇੱਥੇ ਕੋਈ ਭਾਸ਼ਾ ਸਿੱਖਣਾ ਤੁਹਾਡੇ ਬੱਚੇ ਦੇ ਪੜ੍ਹਾਈ, ਕੈਰੀਅਰ ਲਈ ਚੰਗੇ ਭਵਿੱਖ ਜਾਂ ਯਾਤਰਾ ਲਈ ਵੀ ਮਦਦ ਕਰ ਸਕਦੀ ਹੈ।

**www.lang.ox.ac.uk**



# ਵਿਦਿਆਰਥੀ ਕਿੱਥੇ ਰਹਿੰਦੇ ਹਨ?

## ਸੁਰੱਖਿਅਤ ਅਤੇ ਸੁਆਗਤ ਕਰਦੇ ਕਾਲਜ ਭਾਈਚਾਰੇ ਵਿੱਚ

ਆਪਣੀ ਪੜ੍ਹਾਈ ਦੇ ਦੌਰਾਨ, ਵਿਦਿਆਰਥੀ ਸਾਡੇ ਕਿਸੇ ਇੱਕ ਕਾਲਜ ਨਾਲ ਜੁੜੇ ਰਹਿੰਦੇ ਹਨ। ਆਕਸਫੋਰਡ ਦੇ ਸ਼ਹਿਰ ਕੇਂਦਰ ਦੇ ਦੁਆਲੇ ਲਗਭਗ 30 ਕਾਲਜ ਸਥਿਤ ਹਨ। ਇਹ ਸੁਰੱਖਿਅਤ ਅਤੇ ਸੁਆਗਤ ਕਰਦੇ ਭਾਈਚਾਰੇ ਹਨ ਜਿਥੇ ਤੁਹਾਡੇ ਬੱਚੇ ਆਪਣਾ ਬਹੁਤ ਸਾਰਾ ਸਮਾਂ ਬਤੀਤ ਕਰਨਗੇ, ਖ਼ਾਸਕਰ ਜਦੋਂ ਉਹ ਇੱਥੇ ਆਉਣਗੇ। ਆਕਸਫੋਰਡ ਵਿੱਚ ਹੋਰ ਯੂਨੀਵਰਸਿਟੀਆਂ ਵਾਂਗ ਕੇਂਦਰੀ ਕੈਂਪਸ ਨਹੀਂ ਹੈ।

“ ”

ਤੁਹਾਨੂੰ ਅਜਿਹੇ ਨਜ਼ਦੀਕੀ ਭਾਈਚਾਰੇ ਵਿੱਚ ਜੋ ਦੋਸਤਾਨਾ ਪਰਿਵਾਰਕ ਮਾਹੌਲ ਮਿਲਦਾ ਹੈ ਇਹ ਲਗਭਗ ਦੂਜੇ ਘਰ ਜਿਹਾ ਅਹਿਸਾਸ ਹੁੰਦਾ ਹੈ ਅਤੇ ਤੁਹਾਨੂੰ ਘਰ ਵਰਗਾ ਹੀ ਮਹਿਸੂਸ ਕਰਾਉਂਦਾ ਹੈ।

**ਜੈਕ**



2019 ਵਿੱਚ, 35% ਸਫਲ ਬਿਨੈਕਾਰਾਂ ਨੂੰ ਅਜਿਹੇ ਕਾਲਜ ਤੋਂ ਪੇਸ਼ਕਸ਼ ਮਿਲੀ ਜੋ ਉਨ੍ਹਾਂ ਨੇ ਆਪਣੀ ਅਰਜ਼ੀ ਵਿੱਚ ਨਹੀਂ ਚੁਣਿਆ ਸੀ।

### ਕਾਲਜ ਕੀ ਹੈ?

ਕਾਲਜ ਆਕਸਫੋਰਡ ਵਿਚਲੀ ਜ਼ਿੰਦਗੀ ਦਾ ਕੇਂਦਰ ਹਨ, ਅਤੇ ਬਹੁਤੇ ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਇਹ ਉਨ੍ਹਾਂ ਦਾ ਦੂਜਾ ਘਰ ਹੈ। ਕਾਲਜ ਉਹ ਥਾਂ ਹੁੰਦੀ ਹੈ ਜਿੱਥੇ ਵਿਦਿਆਰਥੀ ਖਾ ਸਕਦੇ ਹਨ, ਰਹਿ ਸਕਦੇ ਹਨ, ਦੋਸਤਾਂ ਨਾਲ ਸਮਾਂ ਬਿਤਾ ਸਕਦੇ ਹਨ ਅਤੇ ਕੱਪੜੇ ਧੋ ਸਕਦੇ ਹਨ। ਕਾਲਜ ਦੇ ਅਧਿਆਪਕ ਵਿਦਿਆਰਥੀਆਂ ਨੂੰ ਸਿੱਖਣ ਵਿੱਚ ਮਦਦ ਕਰਦੇ ਹਨ, ਅਤੇ ਆਮ ਤੌਰ ‘ਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ। ਕਾਲਜਾਂ ਵਿੱਚ ਪ੍ਰਵੇਸ਼ ਲਾਜ ਹੁੰਦੇ ਹਨ ਜਿੱਥੇ ਆਮ ਤੌਰ ‘ਤੇ 24/7 ਸਟਾਫ ਉਪਲਬਧ ਹੁੰਦਾ ਹੈ। ਤੁਹਾਡਾ ਬੱਚਾ ਦੂਸਰੇ ਕਾਲਜਾਂ ਦੇ ਆਪਣੇ ਵਿਸ਼ੇ ਵਾਲੇ ਅਤੇ ਯੂਨੀਵਰਸਿਟੀ-ਵਿਆਪੀ ਪ੍ਰੋਗਰਾਮਾਂ ਵਿੱਚ ਵੀ ਹੋਰ ਲੋਕਾਂ ਨੂੰ ਮਿਲੇਗਾ। ਕਾਲਜਾਂ ਵਿੱਚ ਬਹੁਤ ਸਾਰੇ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਅਕਸਰ ਆਪਣੇ ਹੋਰ ਦੋਸਤਾਂ ਨੂੰ ਮਿਲਦੇ ਰਹਿੰਦੇ ਹਨ।

### ਇਨ੍ਹਾਂ ਵਿੱਚ ਕੀ ਅੰਤਰ ਹੈ?

ਹਰ ਇੱਕ ਕਾਲਜ ਦਾ ਆਪਣਾ ਇੱਕ ਵੱਖਰਾ ਚਰਿੱਤਰ ਹੁੰਦਾ ਹੈ, ਪਰ ਉਹਨਾਂ ਵਿੱਚ ਜ਼ਿੰਦਗੀ ਕਾਫ਼ੀ ਹੱਦ ਤੱਕ ਸਮਾਨ ਹੁੰਦੀ ਹੈ। ਕੁਝ ਬਹੁਤ ਪੁਰਾਣੇ ਹਨ, ਕੁਝ ਬਹੁਤ ਨਵੇਂ ਹਨ। ਕੁਝ ਕਾਫ਼ੀ ਵੱਡੇ ਹਨ ਅਤੇ ਕੁਝ ਬਹੁਤ ਛੋਟੇ ਹਨ। ਉਹ ਜਿਸ ਵੀ ਕਾਲਜ ਨਾਲ ਸਬੰਧਤ ਹੋਣ, ਤੁਹਾਡੇ ਬੱਚੇ ਦਾ ਡਿਗਰੀ ਕੋਰਸ ਉਸੇ ਤਰ੍ਹਾਂ ਹੀ ਪੜ੍ਹਾਇਆ ਜਾਵੇਗਾ।

### ਕੀ ਤੁਸੀਂ ਕੋਈ ਕਾਲਜ ਚੁਣਦੇ ਹੋ?

ਜਦੋਂ ਉਹ ਅਰਜ਼ੀ ਦਿੰਦੇ ਹਨ, ਤਾਂ ਤੁਹਾਡਾ ਬੱਚਾ ਜਾਂ ਤਾਂ ਇੱਕ ਵਿਸ਼ੇਸ਼ ਕਾਲਜ ਦੀ ਚੋਣ ਕਰ ਸਕਦਾ ਹੈ ਜਾਂ ਇੱਕ ‘ਖੁੱਲੀ ਅਰਜ਼ੀ’ ਜਮ੍ਹਾ ਕਰ ਸਕਦਾ ਹੈ, ਜੋ ਇਹ ਕਹਿਣ ਵਰਗਾ ਹੈ ਕਿ “ਮੈਨੂੰ ਕੋਈ ਇਤਰਾਜ਼ ਨਹੀਂ।” ਅਸੀਂ ਆਸ ਕਰਦੇ ਹਾਂ ਕਿ ਲੋਕ ਕਾਲਜ ਚੁਣਨ ਬਾਰੇ ਬਹੁਤ ਜ਼ਿਆਦਾ ਚਿੰਤਾ ਨਹੀਂ ਕਰਨਗੇ - ਬਹੁਤੇ ਵਿਦਿਆਰਥੀ ਸੋਚਦੇ ਹਨ ਕਿ ਉਨ੍ਹਾਂ ਦਾ ਕਾਲਜ ਵਧੀਆ ਹੈ – ਬਲਕਿ ਪੜ੍ਹਨ ਲਈ ਸਹੀ ਕੋਰਸ ਦੀ ਚੋਣ ਕਰਨਾ ਕਿਤੇ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।





**ਪਹੁੰਚ ਦੀ ਲੋੜ**
ਜੇਕਰ ਤੁਹਾਡੇ ਬੱਚੇ ਦੀ ਰਿਹਾਇਸ਼ ਦੀ ਕੋਈ ਖਾਸ ਲੋੜ ਹੈ, ਤਾਂ ਇਹ ਬਹੁਤ ਮਹੱਤਵਪੂਰਣ ਹੈ ਕਿ ਜਿੰਨੀ ਜਲਦੀ ਹੋ ਸਕੇ ਤੁਸੀਂ ਸਾਨੂੰ ਇਸ ਬਾਰੇ ਦੱਸੋ। ਅਸੀਂ ਉਨ੍ਹਾਂ ਨੂੰ ਸਲਾਹ ਲਈ ਸਾਡੀ ਅਪੰਗਤਾ ਸਲਾਹਕਾਰ ਸੇਵਾ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਾਂਗੇ।
**ox.ac.uk/das**

## ਕੀ ਤੁਸੀਂ ਕਾਲਜ ਵਿੱਚ ਰਹਿੰਦੇ ਹੋ?

ਸਾਡੇ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੇ ਪਹਿਲੇ ਸਾਲ ਲਈ ਕਾਲਜ ਵਿੱਚ ਇੱਕ ਕਮਰਾ ਦਿੱਤਾ ਜਾਂਦਾ ਹੈ। ਇਸ ਦੀ ਵਿਵਸਥਾ ਕਾਲਜ ਦੁਆਰਾ ਕੀਤੀ ਜਾਂਦੀ ਹੈ, ਇਸ ਲਈ ਤੁਹਾਡੇ ਬੱਚੇ ਨੂੰ ਇਸ ਨੂੰ ਆਪਣੇ ਆਪ ਛਾਂਟਣ ਦੀ ਲੋੜ ਨਹੀਂ ਹੋਵੇਗੀ। ਸਾਰੇ ਕਾਲਜ ਘੱਟੋ ਘੱਟ ਇੱਕ ਵਾਧੂ ਸਾਲ ਲਈ ਕਮਰਿਆਂ ਦੀ ਪੇਸ਼ਕਸ਼ ਕਰਦੇ ਹਨ, ਅਤੇ ਕੁਝ ਉਨ੍ਹਾਂ ਨੂੰ ਪੂਰੇ ਕੋਰਸ ਲਈ ਵੀ ਪੇਸ਼ ਕਰਦੇ ਹਨ। ਨਿੱਜੀ ਰਿਹਾਇਸ਼ ਵਿੱਚ ਰਹਿਣਾ ਵਧੇਰੇ ਮਹਿੰਗਾ ਹੋ ਸਕਦਾ ਹੈ ਕਿਉਂਕਿ ਠੇਕੇ ਆਮ ਤੌਰ 'ਤੇ ਛੁੱਟੀਆਂ ਸਮੇਤ ਹੀ ਇੱਕ ਪੂਰੇ ਸਾਲ ਨੂੰ ਕਵਰ ਕਰਦੇ ਹਨ। ਉਹ ਵਿਦਿਆਰਥੀ ਜੋ ਕਾਲਜ ਵਿੱਚ ਨਹੀਂ ਰਹਿੰਦੇ ਹਨ ਉਹ ਅਜੇ ਵੀ ਸਾਰੀਆਂ ਸਹੂਲਤਾਂ ਦੀ ਵਰਤੋਂ ਕਰ ਸਕਦੇ ਹਨ, ਅਤੇ ਬਹੁਤ ਸਾਰੇ ਦੋਸਤਾਂ ਨਾਲ ਰਹਿਣ ਦਾ ਆਨੰਦ ਮਾਣਦੇ ਹਨ ਅਤੇ ਪਹਿਲੀ ਵਾਰ ਸੁਤੰਤਰ ਤੌਰ 'ਤੇ ਰਹਿਣ ਦਾ ਤਜਰਬੇ ਲੈਂਦੇ ਹਨ।

## ਕਾਲਜ ਦੇ ਕਮਰੇ ਕਿਹੋ ਜਿਹੇ ਹੁੰਦੇ ਹਨ?

ਇਹ ਕਮਰੇ ਮੁੱਖ ਕਾਲਜ ਦੀਆਂ ਇਮਾਰਤਾਂ ਵਿੱਚ ਜਾਂ ਨੇੜੇ-ਤੇੜੇ ਹੋ ਸਕਦੇ ਹਨ। ਕਮਰੇ ਅਕਾਰ ਵਿੱਚ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਉਹ ਚੰਗੀ ਗੁਣਵੱਤਾ ਦੇ ਹੁੰਦੇ ਹਨ ਅਤੇ ਚੰਗੀ ਤਰ੍ਹਾਂ ਤਿਆਰ ਕੀਤੇ ਹੁੰਦੇ ਹਨ - ਅਤੇ ਤੁਹਾਡੇ ਬੱਚੇ ਨੂੰ ਕਦੇ ਵੀ ਸੌਣ ਵਾਲਾ ਕਮਰਾ ਸਾਂਝਾ ਨਹੀਂ ਕਰਨਾ ਪਵੇਗਾ। ਕੁਝ ਕਾਲਜ ਕਮਰਿਆਂ ਦਾ ਆਪਣਾ ਸ਼ਾਵਰ ਜਾਂ ਬਾਥਰੂਮ ਹੁੰਦਾ ਹੈ। ਬਹੁਤ ਸਾਰੇ ਵਿਦਿਆਰਥੀ ਕਈ ਵਾਰ ਆਪਣੇ ਕਮਰੇ ਵਿੱਚ ਪੜ੍ਹਨ ਦੀ ਚੋਣ ਕਰਦੇ ਹਨ ਅਤੇ ਇਸ ਲਈ ਡੈਸਕ ਵੀ ਪ੍ਰਦਾਨ ਕੀਤੇ ਜਾਂਦੇ ਹਨ। ਨਵੇਂ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਇੱਕ-ਦੂਜੇ ਦੇ ਨੇੜੇ-ਤੇੜੇ ਕਮਰੇ ਦਿੱਤੇ ਜਾਂਦੇ ਹਨ ਤਾਂ ਜੋ ਉਹਨਾਂ ਲਈ ਇੱਕ-ਦੂਜੇ ਨੂੰ ਜਾਣਨਾ ਸੌਖਾ ਹੋਵੇ।

## ਭੋਜਨ ਕਿਹੋ ਜਿਹਾ ਹੁੰਦਾ ਹੈ?

ਸਾਰੇ ਵਿਦਿਆਰਥੀ ਆਪਣੇ ਕਾਲਜ ਡਾਇਨਿੰਗ ਹਾਲ ਵਿੱਚ ਸਬਸਿਡੀ ਵਾਲਾ ਗਰਮ ਭੋਜਨ ਖਾ ਸਕਦੇ ਹਨ। ਉਨ੍ਹਾਂ ਕੋਲ ਰਸੋਈ ਦੀਆਂ ਸਹੂਲਤਾਂ ਤੱਕ ਵੀ ਪਹੁੰਚ ਹੋ ਸਕਦੀ ਹੈ ਜਿੱਥੇ ਉਹ ਆਪਣਾ ਭੋਜਨ ਆਪ ਬਣਾ ਸਕਦੇ ਹਨ, ਜੇਕਰ ਉਹ ਚਾਹੁੰਦੇ ਹਨ।

## ਕੀ ਮੇਰਾ ਬੱਚਾ ਘਰ ਰਹਿ ਸਕਦਾ ਹੈ?

ਜੇਕਰ ਅੰਡਰਗ੍ਰੈਜੁਏਟ ਆਪਣੇ ਪਰਿਵਾਰਕ ਘਰ ਵਿੱਚ ਰਹਿੰਦਾ ਹੈ ਤਾਂ ਉਸ ਨੂੰ ਲਾਜ਼ਮੀ ਤੌਰ 'ਤੇ ਕੇਂਦਰੀ ਆਕਸਫੋਰਡ ਦੇ ਛੇ ਮੀਲ ਜਾਂ 25 ਮੀਲ ਦੇ ਅੰਦਰ ਰਹਿਣਾ ਹੁੰਦਾ ਹੈ। ਇਸ ਦੇ ਕੁਝ ਅਪਵਾਦ ਹਨ, ਪਰ ਅਸੀਂ ਸੋਚਦੇ ਹਾਂ ਕਿ ਇਹ ਵਿਦਿਆਰਥੀਆਂ ਨੂੰ ਆਕਸਫੋਰਡ ਵਿਖੇ ਉਨ੍ਹਾਂ ਨੂੰ ਆਪਣੇ ਸਮੇਂ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਮਦਦ ਕਰਦਾ ਹੈ।



ਦੇਖਭਾਲ ਦਾ ਤਜਰਬਾ ਅਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਛੁੱਟੀਆਂ ਦੌਰਾਨ ਖਰਚਿਆਂ ਲਈ £3,000 ਤੱਕ ਦੀ ਗੈਰ-ਵਾਪਸੀ ਯੋਗ ਵਿੱਤੀ ਮਦਦ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਨੂੰ 365 ਦਿਨਾਂ ਦੀ ਰਿਹਾਇਸ਼ ਨੂੰ ਸੁਰੱਖਿਅਤ ਕਰਨ ਲਈ ਵੀ ਮਦਦ ਦਿੱਤੀ ਜਾਂਦੀ ਹੈ।





# ਉਨ੍ਹਾਂ ਦੀ ਦੇਖਭਾਲ ਕੌਣ ਕਰਦਾ ਹੈ?

## ਲੋੜ ਪੈਣ ‘ਤੇ ਮਦਦ ਅਤੇ ਸਲਾਹ ਦਿੱਤੀ ਜਾਂਦੀ ਹੈ

ਯੂਨੀਵਰਸਿਟੀ ਆਉਣ ਵੇਲੇ ਬਹੁਤੇ ਵਿਦਿਆਰਥੀਆਂ ਦੀ ਉਮਰ 18 ਸਾਲ ਜਾਂ 18 ਤੋਂ ਵੱਧ ਹੁੰਦੀ ਹੈ ਅਤੇ ਇਸ ਲਈ ਉਹ ਬਾਲਗ ਹੁੰਦੇ ਹਨ। ਪਰ ਬਹੁਤਿਆਂ ਨੇ ਹਾਲ ਹੀ ਵਿੱਚ ਸਕੂਲ ਛੱਡਿਆ ਹੁੰਦਾ ਹੈ ਅਤੇ ਇਹ ਪਹਿਲੀ ਵਾਰ ਹੋਵੇਗਾ ਜਦੋਂ ਉਹ ਘਰ ਤੋਂ ਦੂਰ ਰਹਿਣਗੇ। ਅਸੀਂ ਚਾਹੁੰਦੇ ਹਾਂ ਕਿ ਇੱਥੇ ਹਰ ਕੋਈ ਆਪਣੇ ਘਰ ਜਿਹਾ ਮਹਿਸੂਸ ਕਰੇ ਅਤੇ ਜਲਦੀ ਸੈਟਲ ਹੋ ਜਾਵੇ ਅਤੇ ਇੱਥੇ ਉਹਨਾਂ ਦੀ ਮਦਦ ਲਈ ਬਹੁਤ ਸਾਰੇ ਲੋਕ ਉਪਲਬਧ ਹਨ।

### ਇੱਥੇ ਕਿਸ ਤਰ੍ਹਾਂ ਦੀ ਮਦਦ ਮਿਲਦੀ ਹੈ?

ਆਕਸਫੋਰਡ ਆਪਣੇ ਸਾਰੇ ਵਿਦਿਆਰਥੀਆਂ ਦੀ ਤੰਦਰੁਸਤੀ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਜੇਕਰ ਕੋਈ ਮੁਸ਼ਕਲ ਭਰਿਆ ਸਮਾਂ ਆਉਂਦਾ ਹੈ ਤਾਂ ਤੁਹਾਡਾ ਬੱਚਾ ਕਈ ਤਰੀਕਿਆਂ ਨਾਲ ਮਦਦ ਲੱਭ ਸਕਦਾ ਹੈ। ਕਾਲਜ ਅਧਿਆਪਕ ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਹਰ ਸੰਭਵ ਮਦਦ ਕਰਦੇ ਹਨ ਪਰ ਉਹ ਹੋਰ ਚੀਜ਼ਾਂ ਬਾਰੇ ਵੀ ਸਲਾਹ ਦੇ ਸਕਦੇ ਹਨ। ਭਲਾਈ ਅਫਸਰਾਂ ਸਮੇਤ ਬਹੁਤ ਸਾਰਾ ਹੋਰ ਕਾਲਜ ਸਟਾਫ ਵਿਦਿਆਰਥੀਆਂ ਨੂੰ ਸੈਟਲ ਹੋਣ ਵਿੱਚ ਮਦਦ ਕਰਦੇ ਹਨ ਅਤੇ ਆਲੇ-ਦੁਆਲੇ ਦੇ ਵਿਹਾਰਕ ਜਾਂ ਸਿਹਤ ਮਾਮਲਿਆਂ ਬਾਰੇ ਸਲਾਹ ਦਿੰਦੇ ਹਨ।

### ਕਿਸ ਤਰ੍ਹਾਂ ਦੀ ਸਿਹਤ ਸਹਾਇਤਾ ਉਪਲਬਧ ਹੈ?

ਬਹੁਤੇ ਵਿਦਿਆਰਥੀਆਂ ਨੂੰ ਕਾਲੇਜ ਨਰਸ ਦੇ ਨਾਲ-ਨਾਲ ਸਥਾਨਕ ਜੀਪੀ ਸਰਜਰੀ ਤੱਕ ਪਹੁੰਚ ਹੁੰਦੀ ਹੈ। ਜੌਹਨ ਰੈਡਕਲਿਫ ਹਸਪਤਾਲ ਦਾ ਏਅਤੇਈ ਵਿਭਾਗ ਹੈ ਅਤੇ 15 ਮਿੰਟ ਦੀ ਦੂਰੀ ‘ਤੇ ਹੀ ਹੈ।

### ਕੀ ਹੋਵੇਗਾ ਜੇਕਰ ਉਹ ਅਪਾਹਜ ਹਨ?

ਸਾਡੀ ਅਪਾਹਜਤਾ ਸਲਾਹਕਾਰ ਸੇਵਾ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਸਾਰੇ ਪ੍ਰਤੱਖ ਜਾਂ ਗੈਰ-ਪ੍ਰਤੱਖ ਅਪਾਹਜਤਾ ਵਾਲੇ ਵਿਦਿਆਰਥੀ ਆਕਸਫੋਰਡ ਵਿਖੇ ਆਪਣਾ ਵੱਧ ਤੋਂ ਵੱਧ ਸਮਾਂ ਬਤੀਤ ਕਰ ਸਕਨ।
**ox.ac.uk/das**

### ਮੇਰਾ ਬੱਚਾ ਮਦਦ ਲਈ ਕਿੱਥੇ ਜਾ ਸਕਦਾ ਹੈ?

- ਯੂਨੀਵਰਸਿਟੀ ਇੱਕ ਮੁਫਤ ਸਲਾਹ ਸੇਵਾ ਉਪਲਬਧ ਕਰਵਾਉਂਦੀ ਹੈ ਜੋ ਵਰਕਸ਼ਾਪਾਂ ਅਤੇ ਸਵੈ-ਸਹਾਇਤਾ ਸਮੱਗਰੀ ਦੇ ਨਾਲ-ਨਾਲ ਸਿੱਖਿਅਤ ਸਲਾਹਕਾਰਾਂ ਨਾਲ ਆਮਣੇ-ਸਾਹਮਣੇ ਅਤੇ ਸਮੂਹ ਸੈਸ਼ਨਾਂ ਦੀ ਪੇਸ਼ਕਸ਼ ਕਰਦੀ ਹੈ।
  **ox.ac.uk/students/shw**
- ਵਲੰਟੀਅਰ ਸਾਥੀ ਸਮਰਥਕਾਂ ਨੂੰ ਸਲਾਹ ਸੇਵਾ ਦੁਆਰਾ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਜੋ ਵਿਦਿਆਰਥੀ ਆਪਣੀ ਮਰਜ਼ੀ ਮੁਤਾਬਕ ਦੂਜੇ ਵਿਦਿਆਰਥੀਆਂ ਨਾਲ ਗੱਲਬਾਤ ਕਰ ਸਕਣ। LGBTQ + ਵਿਦਿਆਰਥੀਆਂ ਅਤੇ ਰੰਗਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰੋਗਰਾਮ ਉਪਲਬਧ ਹਨ।
- ਆਕਸਫੋਰਡ ਦੀ ਵਿਦਿਆਰਥੀ ਯੂਨੀਅਨ ਇੱਕ ਸਧਾਰਣ ਸਲਾਹ ਸੇਵਾ ਚਲਾਉਂਦੀ ਹੈ ਜਿੱਥੇ ਵਿਦਿਆਰਥੀ ਆਪਣੀ ਚਿੰਤਾਵਾਂ ਬਾਰੇ ਖੁਲ੍ਹ ਕੇ ਦੱਸ ਸਕਦੇ ਹਨ, ਜਿਵੇਂ ਕਿ, ਪੈਸੇ ਦਾ ਪ੍ਰਬੰਧ ਕਰਨਾ ਜਾਂ ਕਿਸੇ ਰਿਸ਼ਤੇ ਬਾਰੇ।
  **oxfordsu.org/wellbeing**
- ਵਿਦਿਆਰਥੀਆਂ ਵੱਲੋਂ ਅਤੇ ਵਿਦਿਆਰਥੀਆਂ ਲਈ ਚਲਾਈ ਜਾਂਦੀ, ਆਕਸਫੋਰਡ ਨਾਈਟਲਾਈਨ ਵਿਦਿਆਰਥੀਆਂ ਨੂੰ ਮਿਆਦ ਸਮੇਂ ਰੋਜ਼ ਰਾਤ 8 ਵਜੇ ਤੋਂ ਸਵੇਰੇ 8 ਵਜੇ ਦੇ ਵਿਚਕਾਰ ਕਿਸੇ ਨਾਲ ਹਰ ਚੀਜ਼ ਬਾਰੇ ਗੱਲਬਾਤ ਕਰਨ ਦਾ ਮੌਕਾ ਦਿੰਦੀ ਹੈ।
  **oxfordnightline.org**



ਆਕਸਫੋਰਡ ਵਿਖੇ ਵੱਖ ਵੱਖ ਧਰਮ ਸਮੂਹਾਂ ਲਈ ਪੂਜਾ-ਪਾਠ ਕਰਨ ਲਈ ਸਹੂਲਤਾਂ ਅਤੇ ਸੁਸਾਇਟੀਆਂ ਹਨ।

“ ”

ਮਾਨਸਿਕ ਬਿਮਾਰੀ ਤੋਂ ਪੀੜਤ ਹੋਣ ਕਰਕੇ ਮੈਂ ਹਮੇਸ਼ਾ ਅਕਾਦਮਿਕ ਤੌਰ ‘ਤੇ ਜਾਂ ਕਿਸੇ ਹੋਰ ਕਾਰਨ ਕਰਕੇ ਆਪਣੀ ਯੂਨੀਵਰਸਿਟੀ ਦੀ ਸਫਲਤਾ ਦੀ ਸੰਭਾਵਨਾ, ‘ਤੇ ਸ਼ੱਕ ਕਰਦੀ ਰਹੀ ਹਾਂ। ਸ਼ੁਕਰ ਹੈ, ਮੇਰੇ ਅਧਿਆਪਕ ਅਤੇ ਸਾਥੀ ਵਿਦਿਆਰਥੀ ਮੇਰੀ ਕਦਰ ਕਰਦੇ ਹਨ ਅਤੇ ਸਤਿਕਾਰ ਦਿੰਦੇ ਹਨ, ਜਿਸ ਨਾਲ ਮੈਂ ਪ੍ਰਫੁੱਲਤ ਹੋ ਜਾਂਦੀ ਹਾਂ।
**ਐਨਾ**

# ਕੀ ਮਜ਼ੇ ਲਈ ਅਤੇ ਦੋਸਤਾਂ ਲਈ ਕੁਝ ਸਮਾਂ ਹੁੰਦਾ ਹੈ?

## ਪੜਚੋਲ ਕਰਨ ਅਤੇ ਮਜ਼ੇ ਕਰਨ ਲਈ ਕਈ ਮੌਕੇ ਉਪਲਬਧ ਹੁੰਦੇ ਹਨ

ਯੂਨੀਵਰਸਿਟੀ ਜਾਣ ਦੀ ਸਭ ਤੋਂ ਵਧੀਆ ਗੱਲਾਂ ਵਿੱਚੋਂ ਇੱਕ ਗੱਲ ਹੈ ਉੱਥੋਂ ਦਾ ਸਮਾਜਿਕ ਜੀਵਨ। ਆਕਸਫੋਰਡ ਕੋਈ ਵੱਖਰੀ ਥਾਂ ਨਹੀਂ ਹੈ। ਇੱਥੇ ਤੁਸੀਂ ਕਈ ਲੋਕ ਨੂੰ ਮਿਲ ਸਕਦੇ ਹੋ, ਕਈ ਨਵੀਆਂ ਚੀਜ਼ਾਂ ਕਰ ਸਕਦੇ ਹੋ ਅਤੇ ਨਵੀਆਂ ਦਿਲਚਸਪੀਆਂ ਅਤੇ ਪ੍ਰਤਿਭਾਵਾਂ ਲੱਭਣ ਸਕਦੇ ਹੋ। ਜਦਕਿ ਆਕਸਫੋਰਡ ਦੇ ਵਿਦਿਆਰਥੀ ਬਹੁਤ ਮਿਹਨਤੀ ਹੁੰਦੇ ਹਨ, ਉਨ੍ਹਾਂ ਕੋਲ ਹੱਸਣ, ਆਰਾਮ ਕਰਨ ਅਤੇ ਆਪਣੇ ਨਾਲ ਸਮਾਂ ਬਤੀਤ ਕਰਨ ਲਈ ਕਾਫ਼ੀ ਸਮਾਂ ਹੁੰਦਾ ਹੈ।



### ਮੇਰਾ ਬੱਚਾ ਕਿਹੜੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦਾ ਹੈ?

ਆਕਸਫੋਰਡ ਵਿੱਚ ਵਿਦਿਆਰਥੀ ਖਾਲੀ ਸਮੇਂ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਨਾ ਸਿਰਫ ਮਜ਼ੇਦਾਰ ਅਤੇ ਦੋਸਤ ਬਣਾਉਣ ਦਾ ਵਧੀਆ ਢੰਗ ਹੁੰਦੀਆਂ ਹਨ, ਬਲਕਿ ਭਵਿੱਖ ਲਈ ਲਾਭਦਾਇਕ ਹੁਨਰ ਪੈਦਾ ਕਰਨ ਦਾ ਮੌਕਾ ਵੀ ਪ੍ਰਦਾਨ ਕਰਦਿਆਂ ਹਨ।

#### ਕਲੱਬ ਅਤੇ ਸੁਸਾਇਟੀਆਂ

ਸੰਗੀਤ, ਖੇਡਾਂ, ਰਾਜਨੀਤੀ ਜਾਂ ਨਾਟਕ ਤੋਂ ਲੈ ਕੇ ਧਾਰਮਿਕ ਆਸਥਾਵਾਂ, ਰਾਸ਼ਟਰੀ ਅਤੇ ਸਭਿਆਚਾਰਕ ਸਮੂਹਾਂ ਤੱਕ ਹਰ ਇੱਕ ਲਈ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ।

#### ਖੇਡ

ਆਕਸਫੋਰਡ ਵਿੱਚ 80 ਸਪੋਰਟਸ ਕਲੱਬ ਹਨ ਅਤੇ ਇਸ ਵਿੱਚ ਹਿੱਸਾ ਲੈਣ ਲਈ ਬਹੁਤ ਸਾਰੇ ਵੱਖੋ-ਵੱਖਰੇ ਤਰੀਕੇ ਹਨ। ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਸ਼ੁਰੂਆਤੀ ਹੋ ਜਾਂ ਇੱਕ ਅੰਤਰਰਾਸ਼ਟਰੀ ਐਥਲੀਟ ਦੇ ਤੌਰ 'ਤੇ ਸਿਖਲਾਈ ਲੈ ਰਹੇ ਹੋ।

#### ਸੰਗੀਤ ਅਤੇ ਨਾਟਕ

ਤੁਸੀਂ ਬੈਂਡ, ਗਾਇਕ-ਮੰਡਲੀਆਂ ਅਤੇ ਆਰਕੈਸਟਰਾ ਦੀ ਵੱਖ-ਵੱਖ ਸ਼੍ਰੇਣੀ ਵਿੱਚ ਸ਼ਾਮਲ ਹੋ ਸਕਦੇ ਹੋ ਅਤੇ ਨਾਲ ਹੀ ਅਦਾਕਾਰਾਂ, ਨਿਰਦੇਸ਼ਕਾਂ ਅਤੇ ਲੇਖਕਾਂ ਲਈ ਸਟੇਜ ਅਤੇ ਪਰਦੇ 'ਤੇ ਕੁਝ ਵਧਿਆ ਮੌਕੇ ਵੀ ਉਪਲਬਧ ਹੁੰਦੇ ਹਨ।

> "ਆਪਣੇ ਆਪ ਨੂੰ ਸ਼ੁਰੂ ਤੋਂ ਸਮਾਜਿਕ ਜੀਵਨ ਵਿੱਚ ਲੀਨ ਕਰ ਕੇ ਅਤੇ ਯੂਨੀਵਰਸਿਟੀ-ਵਿਆਪੀ ਅਫਰੀਕੀ ਅਤੇ ਕੈਰੇਬੀਅਨ ਸੁਸਾਇਟੀ ਵਿੱਚ ਸ਼ਾਮਲ ਹੋਕੇ, ਆਕਸਫੋਰਡ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਕੋਈ ਵੀ ਵਿਅਕਤੀ ਇਸ ਨੂੰ ਆਪਣਾ ਕਹਿ ਸਕਦਾ ਹੈ, ਭਾਵੇਂ ਉਹ ਕਿਸੇ ਵੀ ਪਿਛੋਕੜ ਦਾ ਹੋਵੇ।"
> **ਐਂਡੀ**

ਆਕਸਫੋਰਡ ਵਿਖੇ ਹਰ ਤਰ੍ਹਾਂ ਦੀ ਪਿਛੋਕੜ, ਕੌਮੀਅਤ ਅਤੇ ਧਰਮ ਸਮੂਹ ਲਈ ਸਮੂਹ, ਕਲੱਬ ਅਤੇ ਸੁਸਾਇਟੀਆਂ ਹਨ।

### ਕੀ ਉਨ੍ਹਾਂ ਵਰਗੇ ਹੋਰ ਲੋਕ ਹੋਣਗੇ?

ਸਾਡਾ ਸਟਾਫ ਅਤੇ ਵਿਦਿਆਰਥੀ ਹਰ ਕਿਸਮ ਦੇ ਪਿਛੋਕੜ ਤੋਂ ਆਉਂਦੇ ਹਨ। ਇਸ ਦੀ ਸੰਭਾਵਨਾ ਹੈ ਕਿ ਤੁਹਾਡਾ ਬੱਚਾ ਉਸ ਜਿਹੇ ਅਤੇ ਵੱਖਰੇ ਲੋਕਾਂ ਨੂੰ ਮਿਲੇ। ਸਾਨੂੰ ਲਗਦਾ ਹੈ ਕਿ ਇੱਥੇ ਇਹ ਵਿਦਿਆਰਥੀ ਜੀਵਨ ਬਾਰੇ ਸਭ ਤੋਂ ਅਨੰਦਮਈ ਅਤੇ ਦਿਲਚਸਪ ਚੀਜ਼ਾਂ ਵਿੱਚੋਂ ਇੱਕ ਹੈ। ਆਕਸਫੋਰਡ ਵਿਖੇ ਸੈਂਕੜੇ ਸਮੂਹਾਂ, ਕਲੱਬਾਂ, ਸੁਸਾਇਟੀਆਂ ਜਾਂ ਮੁਹਿੰਮਾਂ ਵਿਚੋਂ ਇੱਕ ਜਾਂ ਵਧੇਰੇ ਵਿੱਚ ਸ਼ਾਮਲ ਹੋਣਾ ਤੁਹਾਡੇ ਬੱਚੇ ਲਈ ਦੋਸਤਾਂ ਨੂੰ ਮਿਲਣ ਅਤੇ ਨਵੇਂ ਦੋਸਤ ਬਣਾਉਣ ਲਈ ਨਿਸ਼ਚਤ ਰੂਪ ਵਿੱਚ ਇੱਕ ਆਸਾਨ ਤਰੀਕਾ ਹੈ।

### ਆਕਸਫੋਰਡ ਵਿੱਚ ਰਹਿਣ ਦਾ ਅਹਿਸਾਸ ਕਿਹੋ ਜਿਹਾ ਹੁੰਦਾ ਹੈ?

ਆਕਸਫੋਰਡ ਨੂੰ ਵਿਦਿਆਰਥੀਆਂ ਲਈ ਯੂ.ਕੇ. ਦੇ ਚੋਟੀ ਦੇ 10 ਸੁਰੱਖਿਅਤ ਸ਼ਹਿਰਾਂ ਵਿੱਚੋਂ ਇੱਕ ਵਜੋਂ ਦਰਜਾ ਦਿੱਤਾ ਗਿਆ ਹੈ, ਇਸ ਲਈ ਤੁਹਾਨੂੰ ਬਹੁਤ ਜ਼ਿਆਦਾ ਚਿੰਤਾ ਕਰਨ ਦੀ ਲੋੜ ਨਹੀਂ ਹੈ ਤੁਹਾਡਾ ਬੱਚਾ ਆਪਣੇ ਆਪ ਅਨੰਦ ਲੈ ਸਕਦਾ ਹੈ! ਇਹ ਸ਼ਹਿਰ ਦੋ ਯੂਨੀਵਰਸਿਟੀਆਂ ਦਾ ਘਰ ਹੈ; ਆਕਸਫੋਰਡ ਯੂਨੀਵਰਸਿਟੀ ਅਤੇ ਆਕਸਫੋਰਡ ਬਰੁਕਸ ਯੂਨੀਵਰਸਿਟੀ ਅਤੇ ਇੱਥੇ ਯੂ.ਕੇ. ਵਿੱਚ ਸਭ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਰਹਿੰਦੇ ਹਨ। ਇਹ ਰਹਿਣ ਲਈ ਮਜ਼ੇਦਾਰ ਅਤੇ ਜੀਵੰਤ ਥਾਂ ਹੈ।

**ox.ac.uk/livingin**

*The Complete University Guide



# ਆਕਸਫੋਰਡ ਵਿਖੇ ਕੌਣ-ਕੌਣ ਪੜ੍ਹਦਾ ਹੈ?

## ਵੱਖ-ਵੱਖ ਦਿਲਚਸਪੀਆਂ ਵਾਲੇ ਵੱਖ-ਵੱਖ ਪਿਛੋਕੜ ਵਾਲੇ ਲੋਕ

ਆਕਸਫੋਰਡ ਵਿਖੇ ਵੱਖ-ਵੱਖ ਦਿਲਚਸਪੀਆਂ ਵਾਲੇ ਵੱਖ-ਵੱਖ ਪਿਛੋਕੜ ਵਾਲੇ ਲਗਭਗ 12,000 ਅੰਡਰਗ੍ਰੈਜੂਏਟ ਵਿਦਿਆਰਥੀ ਹਨ। ਇੱਥੇ ਹਰ ਤਰਾਂ ਦੇ ਸਕੂਲ ਅਤੇ ਪੂਰੀ ਦੁਨੀਆ ਤੋਂ ਲੋਕ ਆਉਂਦੇ ਹਨ। ਉਹ ਜੋ ਸਾਂਝਾ ਕਰਦੇ ਹਨ ਉਹ ਹੈ ਸਿੱਖਣ ਲਈ ਪਿਆਰ ਅਤੇ ਅਧਿਐਨ ਕਰਨ ਦੀ ਪ੍ਰਤਿਭਾ।



### ਕੀ ਆਕਸਫੋਰਡ ਵਿਖੇ ਉਨ੍ਹਾਂ ਦਾ ਸੁਆਗਤ ਕੀਤਾ ਜਾਵੇਗਾ?

ਅਸੀਂ ਚਾਹੁੰਦੇ ਹਾਂ ਕਿ ਇੱਥੇ ਹਰ ਕਿਸੇ ਦਾ ਸੁਆਗਤ, ਕਦਰ ਅਤੇ ਸਨਮਾਨ ਹੋਵੇ। ਇਸ ਸਮੇਂ ਸਾਨੂੰ ਪਤਾ ਹੈ ਕਿ ਕੁਝ ਹੋਣਹਾਰ ਵਿਦਿਆਰਥੀ ਇਹ ਨਹੀਂ ਸੋਚਦੇ ਕਿ ਆਕਸਫੋਰਡ ਉਨ੍ਹਾਂ ਲਈ ਵੀ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਇਸ ਸੋਚ ਨੂੰ ਬਦਲਿਆ ਜਾਵੇ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਇਹ ਅਹਿਸਾਸ ਹੋਵੇ ਕਿ ਆਕਸਫੋਰਡ ਅਕਾਦਮਿਕ ਪ੍ਰਤਿਭਾ ਅਤੇ ਪ੍ਰਤੀਬੱਧਤਾ ਵਾਲੇ ਹਰ ਇੱਕ ਲਈ ਯਥਾਰਥਵਾਦੀ ਟੀਚਾ ਹੈ। ਇਹ ਬਹੁਤ ਮਹੱਤਵਪੂਰਣ ਹੈ ਕਿ ਹਰ ਪ੍ਰਕਾਰ ਦੇ ਪਿਛੋਕੜ ਵਾਲੇ ਲੋਕ ਸਾਡੇ ਨਾਲ ਅਧਿਐਨ ਕਰਨ - ਇਹ ਉਹ ਚੀਜ਼ ਹੈ ਜੋ ਆਕਸਫੋਰਡ ਨੂੰ ਦੁਨੀਆ ਵਿੱਚ ਸਿੱਖਣ ਲਈ ਸਭ ਤੋਂ ਦਿਲਚਸਪ ਸਥਾਨ ਬਣਾਉਣ ਵਿੱਚ ਮਦਦ ਕਰਦੀ ਹੈ.

### ਕੀ ਇਸ ਨਾਲ ਕੋਈ ਫਰਕ ਪੈਂਦਾ ਹੈ ਕਿ ਮੇਰਾ ਬੱਚਾ ਕਿਹੜੇ ਸਕੂਲ ਤੋਂ ਹੈ?

ਅਸੀਂ ਹਮੇਸ਼ਾਂ ਪੜ੍ਹਨ ਵਿੱਚ ਸਰਬੋਤਮ ਪ੍ਰਤਿਭਾ ਵਾਲੇ ਵਿਦਿਆਰਥੀਆਂ ਦੀ ਭਾਲ ਕਰਦੇ ਰਹਿੰਦੇ ਹਾਂ, ਭਾਵੇਂ ਉਨ੍ਹਾਂ ਦਾ ਪਿਛੋਕੜ ਕੁਝ ਵੀ ਹੋਵੇ। ਅਸੀਂ ਸਮਝਦੇ ਹਾਂ ਕਿ ਕੁਝ ਵਿਦਿਆਰਥੀਆਂ ਲਈ ਉਨ੍ਹਾਂ ਦੇ ਹਾਲਾਤਾਂ ਕਾਰਨ ਉੱਚ ਦਰਜੇ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ। ਇਹੀ ਕਾਰਨ ਹੈ ਕਿ ਜਦੋਂ ਅਸੀਂ ਐਪਲੀਕੇਸ਼ਨਾਂ 'ਤੇ ਵਿਚਾਰ ਕਰਦੇ ਹਾਂ ਤਾਂ ਅਸੀਂ ਬਹੁਤ ਸਾਰੀਆਂ ਵੱਖਰੀਆਂ ਜਾਣਕਾਰੀਆਂ' 'ਤੇ ਵੀ ਨਜ਼ਰ ਮਾਰਦੇ ਹਾਂ। ਅਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਅਸੀਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਉਨ੍ਹਾਂ ਦੇ ਵਿਅਕਤੀਗਤ ਤਜ਼ਰਬਿਆਂ ਦੇ ਪ੍ਰਸੰਗ ਵਿੱਚ ਸਮਝਿਏ। ਅਸੀਂ ਇਹ ਕਿਵੇਂ ਕਰਦੇ ਹਾਂ ਤੁਸੀਂ ਇਸ ਬਾਰੇ ਇੱਥੇ ਹੋਰ ਪੜ੍ਹ ਸਕਦੇ ਹੋ ਕਿ: **ox.ac.uk/context**.

> ਆਕਸਫੋਰਡ ਵਿੱਚ ਵਿਦਿਆਰਥੀ ਦੀ ਕੋਈ ਕਿਸਮ ਨਹੀਂ ਹੈ। ਇਹ ਖੂਬਸੂਰਤ ਵਿਭਿੰਨ ਥਾਂ ਹੈ ਅਤੇ ਤੁਹਾਨੂੰ ਆਪਣੀ ਜਗ੍ਹਾ ਮਿਲੇਗੀ।
> **ਅਦਿਤੀ**

> ਮੈਨੂੰ ਇਸ ਗੱਲ ਬਾਰੇ ਸ਼ੱਕ ਸੀ ਕਿ ਮੈਂ ਉੱਥੇ ਫਿੱਟ ਹੋਵਾਂਗੀ ਜਾਂ ਨਹੀਂ ਇਸ ਲਈ ਮੈਨੂੰ ਅਪਲਾਈ ਕਰਨ ਵਿੱਚ ਡਰ ਲੱਗ ਰਿਹਾ ਸੀ ਪਰ ਮੈਂ ਬਹੁਤ ਖੁਸ਼ ਹਾਂ ਕਿਉਂਕਿ ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਵਧੀਆ ਸਾਲਾਂ ਵਿੱਚੋਂ ਇੱਕ ਰਿਹਾ ਹੈ।
> **ਕ੍ਰਿਸਟੀ**



“”

ਅਫ਼ਰੀਕੀ ਕੈਰੇਬੀਅਨ ਸੁਸਾਇਟੀ ਨੇ ਮੈਨੂੰ ਵੱਖੋ-ਵੱਖਰੇ ਪਿਛੋਕੜ ਵਾਲੇ ਬਹੁਤ ਸਾਰੇ ਵੱਖੋ-ਵੱਖਰੇ ਪ੍ਰੇਰਣਾਦਾਇਕ ਵਿਦਿਆਰਥੀਆਂ ਨਾਲ ਸਮਾਂ ਬਿਤਾਉਣ ਦਾ ਮੌਕਾ ਦਿੱਤਾ

**PHOENIX**

ਆਕਸਫੋਰਡ ਦੇ 20% ਅੰਡਰਗ੍ਰੈਜੁਏਟ ਵਿਦਿਆਰਥੀ ਅਪਾਹਜਤਾ ਘੋਸ਼ਿਤ ਕਰ ਚੁੱਕੇ ਹਨ।

## ਆਕਸਫੋਰਡ ਕਿਵੇਂ ਬਦਲ ਰਿਹਾ ਹੈ?

Sਇੱਥੇ ਕੁਝ ਸਮੂਹਾਂ ਨੂੰ ਅਜੇ ਵੀ ਢੁੱਕਵਾਂ ਪ੍ਰਤੀਨਿਧ ਨਹੀਂ ਮਿਲਿਆ, ਪਰ ਇਹ ਸਥਿਤੀ ਬਦਲ ਰਹੀ ਹੈ। ਯੂਨੀਵਰਸਿਟੀ ਪਹਿਲਾਂ ਨਾਲੋਂ ਵਧੇਰੇ ਕਾਲੇ ਅਤੇ ਘੱਟਗਿਣਤੀ ਨਸਲੀ ਵਿਦਿਆਰਥੀਆਂ ਨੂੰ ਆਕਰਸ਼ਤ ਕਰ ਰਹੀ ਹੈ (ਸਾਡੇ ਸਾਲ 2019 ਦੇ ਅੰਡਰਗ੍ਰੈਜੁਏਟ ਦਾਖਲੇ ਨਾਲੋਂ 22% ਵੱਧ)।

2023 ਤੱਕ, ਅਸੀਂ ਯੂ.ਕੇ. ਦੇ ਘੱਟ ਪ੍ਰਤਿਨਿਧ ਵਾਲੇ ਪਿਛੋਕੜ ਵਾਲੇ ਲੋਕਾਂ ਨੂੰ ਆਕਸਫੋਰਡ ਅੰਡਰਗ੍ਰੈਜੁਏਟਾਂ ਲਈ 25% ਥਾਂ ਦੇਣ ਦਾ ਟੀਚਾ ਰੱਖ ਰਹੇ ਹਾਂ। ਇਹੀ ਕਾਰਨ ਹੈ ਕਿ ਅਸੀਂ ਆਪਰਚੁਨਿਟੀ ਆਕਸਫੋਰਡ ਅਤੇ ਫਾਉਂਡੇਸ਼ਨ ਆਕਸਫੋਰਡ ਜਿਹੇ ਦੋ ਨਵੇਂ ਦਿਲਚਸਪ ਐਕਸੈਸ ਪ੍ਰੋਗਰਾਮਾਂ ਦੀ ਸਥਾਪਨਾ ਕਰ ਰਹੇ ਹਾਂ। ਯੂ.ਕੇ. ਰਾਜ ਦੇ ਸਕੂਲੀ ਵਿਦਿਆਰਥੀਆਂ ਲਈ ਸਾਡੇ **UNIQ** ਪ੍ਰੋਗਰਾਮ ਵਿੱਚ ਹਿੱਸਾ ਲੈਣਾ ਪਹਿਲਾਂ ਹੀ ਇੱਥੇ ਪੜ੍ਹਨ ਲਈ ਆਪਣੀ ਜਗ੍ਹਾ ਪੱਕੀ ਕਰਨ ਦੇ ਮੌਕੇ ਵਧਾਉਂਦਾ ਹੈ। ਟਾਰਗੇਟ ਆਕਸਬ੍ਰਿਜ ਨਾਲ ਸਾਡੇ ਸਹਿਯੋਗੀਕਰਨ ਦਾ ਮੁੱਖ ਉਦੇਸ਼ ਕਾਲੇ ਅਫਰੀਕੀ ਅਤੇ ਕੈਰੇਬੀਅਨ ਵਿਦਿਆਰਥੀਆਂ ਅਤੇ ਕਾਲੇ ਅਫਰੀਕੀ ਅਤੇ ਕੈਰੇਬੀਅਨ ਵਿਰਾਸਤ ਨਾਲ ਮਿਸ਼ਰਤ ਜਾਤੀ ਦੇ ਵਿਦਿਆਰਥੀਆਂ ਨੂੰ ਆਕਸਫੋਰਡ ਵਿੱਚ ਢੁੱਕਵੀਂ ਐਪਲੀਕੇਸ਼ਨ ਦੇਣ ਵਿੱਚ ਮਦਦ ਕਰਨਾ ਹੈ।

ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ, ਅਸੀਂ ਹਰ ਸਾਲ ਅਤੇ ਦੇਸ਼ ਭਰ ਵਿੱਚ ਰਾਜ ਦੇ ਸਕੂਲਾਂ ਅਤੇ ਭਾਈਚਾਰੀਆਂ ਦੇ ਨਾਲ ਹਜ਼ਾਰਾਂ ਆਉਟਰੀਚ ਗਤੀਵਿਧੀਆਂ ਚਲਾਉਂਦੇ ਹਾਂ। ਅਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਕੋਈ ਵੀ ਕਿਤੇ ਵੀ ਇਹ ਪਤਾ ਕਰ ਸਕੇ ਕਿ ਆਕਸਫੋਰਡ ਵਿੱਚ ਵਿਦਿਆਰਥੀ ਜੀਵਨ ਕਿਸ ਤਰ੍ਹਾਂ ਦਾ ਹੁੰਦਾ ਹੈ ਅਤੇ ਉੱਥੇ ਕਿਵੇਂ ਅਪਲਾਈ ਕਰਨਾ ਹੈ। ਇਹ ਸਭ ਪਹਿਲਾਂ ਹੀ ਬਹੁਤ ਵੱਡਾ ਫਰਕ ਲਿਆ ਰਿਹਾ ਹੈ ਅਤੇ ਸਾਡੇ ਕੋਲ ਵੱਖੋ -ਵੱਖਰੇ ਪਿਛੋਕੜ ਵਾਲੇ ਕਈ ਵਿਦਿਆਰਥੀ ਆ ਰਹੇ ਹਨ।



ਆਕਸਫੋਰਡ ਦੇ 19% ਅੰਡਰਗ੍ਰੈਜੁਏਟ ਵਿਦਿਆਰਥੀ ਕਾਲੇ ਜਾਂ ਘੱਟ ਗਿਣਤੀ ਜਾਤੀ ਵਾਲੇ ਹਨ।





# ਉਹ ਕਿਵੇਂ ਅਪਲਾਈ ਕਰ ਸਕਦੇ ਹਨ?

## ਸਾਨੂੰ ਕੀ ਚਾਹਿਦਾ ਹੈ ਨੂੰ ਚੰਗੀ ਤਰ੍ਹਾਂ ਸਮਝਕੇ

ਆਕਸਫੋਰਡ ਵਿੱਚ ਦਾਖਲ ਹੋਣਾ ਇੱਕ ਵੱਡੀ ਪ੍ਰਾਪਤੀ ਹੈ। ਹਾਲ ਹੀ ਵਿੱਚ, 23,000 ਤੋਂ ਵੱਧ ਲੋਕਾਂ ਨੇ ਲਗਭਗ 3,250 ਸਥਾਨਾਂ ਲਈ ਅਪਲਾਈ ਕੀਤਾ ਹੈ। ਇਹੀ ਕਾਰਨ ਹੈ ਕਿ ਆਕਸਫੋਰਡ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਬਹੁਤੀਆਂ ਹੋਰ ਯੂਨੀਵਰਸਿਟੀਆਂ ਨਾਲੋਂ ਥੋੜ੍ਹੀ ਵਧੇਰੇ ਗੁੰਝਲਦਾਰ ਹੈ। ਅਸੀਂ ਅਜਿਹੇ ਵਿਦਿਆਰਥੀਆਂ ਨੂੰ ਸੱਦਾ ਦੇਣਾ ਚਾਹੁੰਦੇ ਹਾਂ ਜੋ ਆਕਸਫੋਰਡ ਵੱਲੋਂ ਪੇਸ਼ਕਸ਼ ਕੀਤੀ ਜਾ ਰਹੀ ਸਹੂਲਤਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਵਰਤਨ ਦੇ ਯੋਗ ਹੋਣ ਅਤੇ ਖੁਸ਼ ਰਹਿਣ ਅਤੇ ਅੱਗੇ ਵਧਣ।

### ਆਕਸਫੋਰਡ ਲਈ ਅਪਲਾਈ ਕਰਨਾ ਕਿਵੇਂ ਵੱਖਰਾ ਹੁੰਦਾ ਹੈ?

ਯੂ.ਕੇ. ਦੀ ਕਿਸੇ ਵੀ ਯੂਨੀਵਰਸਿਟੀ ਲਈ ਅਪਲਾਈ ਕਰਨ ਦੀ ਯੋਜਨਾਬੰਦੀ ਹੁੰਦੀ ਹੈ, ਪਰ ਆਕਸਫੋਰਡ ਲਈ ਅਪਲਾਈ ਕਰਨ ਵਿੱਚ ਕੁਝ ਹੋਰ ਪੜਾਅ ਵੀ ਸ਼ਾਮਲ ਹੁੰਦੇ ਹਨ:

- ਆਕਸਫੋਰਡ ਦੀਆਂ ਐਪਲੀਕੇਸ਼ਨ ਅਕਤੂਬਰ ਮਹੀਨੇ ਵਿੱਚ ਦਿੱਤੀਆਂ ਜਾਂਦੀਆਂ ਹਨ, ਜਦਕਿ ਕਈਆਂ ਦੀਆਂ ਜਨਵਰੀ ਵਿੱਚ ਦਿੱਤੀਆਂ ਜਾਂਦੀਆਂ ਹਨ।
- ਹੋਰ ਯੂ.ਕੇ. ਯੂਨੀਵਰਸਿਟੀ ਵਾਂਗ ਤੁਹਾਡਾ ਬੱਚਾ UCAS ਰਾਹੀਂ ਅਪਲਾਈ ਕਰੇਗਾ।
- ਆਕਸਫੋਰਡ ਐਪਲੀਕੇਸ਼ਨਾਂ ਵਿੱਚ ਅਕਸਰ ਦਾਖਲੇ ਦੇ ਟੈਸਟ ਸ਼ਾਮਲ ਹੁੰਦੇ ਹਨ। ਵਿਦਿਆਰਥੀਆਂ ਨੂੰ ਇਹ ਦੇਖਣ ਦੀ ਲੋੜ ਹੁੰਦੀ ਹੈ ਕੀ ਉਨ੍ਹਾਂ ਨੂੰ ਕੋਈ ਟੈਸਟ ਦੇਣ ਦੀ ਜ਼ਰੂਰਤ ਹੈ, ਇਸਦੇ ਲਈ ਆਖਰੀ ਮਿਤੀ ਤੋਂ ਪਹਿਲਾਂ ਰਜਿਸਟਰ ਕਰੋ ਅਤੇ **ox.ac.uk/tests** 'ਤੇ ਜਾ ਕੇ ਨਮੂਨੇ ਪੇਪਰਾਂ ਨਾਲ ਆਨਲਾਈਨ ਅਭਿਆਸ ਕਰੋ।
- ਸਾਡੇ ਕੁਝ ਕੋਰਸਾਂ ਲਈ ਵਿਦਿਆਰਥੀਆਂ ਨੂੰ ਲਿਖਤੀ ਕੰਮ ਜਮ੍ਹਾ ਕਰਾਉਣ ਦੀ ਲੋੜ ਹੁੰਦੀ ਹੈ। ਸਾਡੀ ਵੈਬਸਾਈਟ 'ਤੇ ਜਾ ਕੇ ਤੁਹਾਡਾ ਬੱਚਾ ਇਹ ਪਤਾ ਕਰ ਸਕਦਾ ਹੈ ਕਿ ਕੀ ਉਸ ਨੂੰ ਅਜਿਹਾ ਕਰਨ ਦੀ ਲੋੜ ਹੈ ਜਾਂ ਨਹੀਂ।
- ਸ਼ਾਰਟਲਿਸਟ ਕੀਤੇ ਗਏ ਉਮੀਦਵਾਰਾਂ ਨੂੰ ਦਸੰਬਰ ਵਿੱਚ ਇੰਟਰਵਿਊ ਦੇਣ ਲਈ ਆਕਸਫੋਰਡ ਆਉਣ ਲਈ ਕਿਹਾ ਜਾਵੇਗਾ। ਇਹ ਇੱਕ ਸੰਭਾਵੀ ਅਧਿਆਪਕ ਨਾਲ ਇੱਕ ਅਕਾਦਮਿਕ ਗੱਲਬਾਤ ਹੁੰਦੀ ਹੈ।

ਇਹ ਸਾਰੇ ਪੜਾਅ ਸਾਡੇ ਸਭ ਤੋਂ ਵੱਧ ਹੋਣਹਾਰ ਬਿਨੈਕਾਰਾਂ ਨੂੰ ਲੱਭਣ ਵਿੱਚ ਸਾਡੀ ਮਦਦ ਕਰਦੇ ਹਨ ਅਜਿਹੇ ਵਿਦਿਆਰਥੀ ਜੋ ਇੱਥੇ ਪੜ੍ਹਨ ਦੇ ਤਰੀਕੇ ਦਾ ਸੱਚਮੁੱਚ ਅਨੰਦ ਲੈਣਗੇ।

### ਮੈਂ ਬਿਹਤਰ ਢੰਗ ਨਾਲ ਅਪਲਾਈ ਕਰਨ ਵਿੱਚ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦਾ ਹਾਂ?

- ਸਕੂਲ ਦੇ ਉੱਚ ਗ੍ਰੇਡ ਮਹੱਤਵਪੂਰਣ ਹਨ ਇਸ ਲਈ ਆਪਣੇ ਬੱਚੇ ਨੂੰ ਸਕੂਲ ਵਿੱਚ ਉਹਨਾਂ ਵਿਸ਼ਿਆਂ ਦੀ ਪੜ੍ਹਾਈ ਕਰਨ ਲਈ ਉਤਸ਼ਾਹਿਤ ਕਰੋ ਕਿ ਜਿਸ ਨੂੰ ਪੜ੍ਹਦੇ ਹੋਏ ਉਹ ਅਨੰਦ ਲੈਂਦੇ ਹਨ ਅਤੇ ਜਸੀ ਵਿੱਚ ਉਹਨਾਂ ਦੇ ਵਧੀਆ ਪ੍ਰਦਰਸ਼ਨ ਕਰਨ ਦੀ ਸੰਭਾਵਨਾ ਹੈ।
- ਤੁਹਾਡੇ ਬੱਚੇ ਨੂੰ ਅਜਿਹਾ ਵਿਸ਼ਾ ਚੁਣਨਾ ਚਾਹੀਦਾ ਹੈ ਜਿਸ ਨੂੰ ਉਹ ਤਿੰਨ ਜਾਂ ਵਧੇਰੇ ਸਾਲਾਂ ਤੱਕ ਅਨੰਦ ਲੈਂਦੇ ਹੋਏ ਆਰਾਮ ਨਾਲ ਅਧਿਐਨ ਕਰ ਸਕਣ। ਉਹਨਾਂ ਨੂੰ ਧਿਆਨ ਨਾਲ ਸੋਚਣ ਲਈ, ਅਤੇ ਉਹਨਾਂ ਵਿਸ਼ਿਆਂ 'ਤੇ ਵਿਚਾਰ ਕਰਨ ਲਈ ਉਤਸ਼ਾਹਤ ਕਰੋ ਜਿਨ੍ਹਾਂ ਦਾ ਉਨ੍ਹਾਂ ਨੇ ਪਹਿਲਾਂ ਅਧਿਐਨ ਨਹੀਂ ਕੀਤਾ ਹੈ।
- ਉਹਨਾਂ ਨੂੰ ਇਹ ਸੁਝਾਅ ਦਿਓ ਕਿ ਉਹ ਗਰਮੀਆਂ ਦੇ ਦੌਰਾਨ ਆਪਣੀ UCAS ਐਪਲੀਕੇਸ਼ਨ ਨੂੰ ਤਿਆਰ ਕਰਨ - ਨਿੱਜੀ ਬਿਆਨ ਵਿੱਚ ਬਹੁਤ ਜ਼ਿਆਦਾ ਸਮਾਂ ਲੱਗਣ ਦੀ ਸੰਭਾਵਨਾ ਹੁੰਦੀ ਹੈ!
- ਜੇਕਰ ਉਨ੍ਹਾਂ ਦੇ ਕੋਰਸ ਵਿੱਚ ਦਾਖਲਾ ਪ੍ਰੀਖਿਆ ਸ਼ਾਮਲ ਹੁੰਦੀ ਹੈ, ਤਾਂ ਇਹ ਸੁਨਿਸ਼ਚਿਤ ਕਰੋ ਕਿ ਉਹ ਇਸ ਲਈ 15 ਅਕਤੂਬਰ ਦੀ ਆਖਰੀ ਮਿਤੀ ਤੱਕ ਰਜਿਸਟਰ ਕਰ ਲੈਣ। ਜਿਹੜੇ ਵਿਦਿਆਰਥੀ ਇਨ੍ਹਾਂ ਟੈਸਟਾਂ ਲਈ ਅਭਿਆਸ ਕਰਦੇ ਹਨ ਉਹ ਬਿਹਤਰ ਪ੍ਰਦਰਸ਼ਨ ਕਰਦੇ ਹਨ, ਇਸ ਲਈ ਆਪਣੇ ਬੱਚੇ ਨੂੰ ਸਾਡੀ ਸਲਾਹ ਵੱਲ ਧਿਆਨ ਦੇਣ ਲਈ ਉਤਸ਼ਾਹਿਤ ਕਰੋ ਅਤੇ ਸਾਡੀ ਵੈਬਸਾਈਟ 'ਤੇ ਟੈਸਟਾਂ ਪੇਪਰਾਂ' ਨਾਲ ਅਭਿਆਸ ਕਰਨ ਲਈ ਕਹੋ।

**ਅਪਲਾਈ ਕਰਨ ਦੀ ਆਖਰੀ ਮਿਤੀ:**
ਸ਼ਾਮ 6 ਵਜੇ 15 ਅਕਤੂਬਰ

ਤੁਹਾਡੇ ਬੱਚੇ ਨੂੰ ਲੋੜੀਂਦੀ ਹਰ ਜਾਣਕਾਰੀ ਸਾਡੀ ਵੈਬਸਾਈਟ 'ਤੇ ਸਾਡੀ ਬਿਨੈਕਾਰਾਂ ਲਈ ਗਾਈਡ ਵਿੱਚ ਮਿਲ ਸਕਦੀ ਹੈ। ਜੇਕਰ ਹਾਲੇ ਵੀ ਉਹਨਾਂ ਦੇ ਕੁਝ ਸਵਾਲ ਹਨ, ਉਹ ਸਾਨੂੰ ਇਸ 'ਤੇ ਸੰਪਰਕ ਕਰ ਸਕਦੇ ਹਨ: **ox.ac.uk/ask**।



# ਅਸੀਂ ਹੋਰ ਜਾਣਕਾਰੀ ਕਿਵੇਂ ਲੈ ਸਕਦੇ ਹਾਂ?

## ਤੁਸੀਂ ਪ੍ਰੋਗਰਾਮਾਂ ਅਤੇ ਆਨਲਾਈਨ ਜਾਣਕਾਰੀ ਤੋਂ ਮਦਦ ਲੈ ਸਕਦੇ ਹੋ

ਅਸੀਂ ਜਾਣਦੇ ਹਾਂ ਕਿ ਤੁਹਾਡੇ ਬੱਚੇ ਲਈ ਇਹ ਫੈਸਲਾ ਕਰਨਾ ਮੁਸ਼ਕਲ ਹੋ ਸਕਦਾ ਹੈ ਕਿ ਉਹ ਕਿਹੜੀ ਯੂਨੀਵਰਸਿਟੀ ਵਿੱਚ ਅਪਲਾਈ ਕਰਨ, ਅਤੇ ਉਹ ਕਿੱਥੇ ਸਭ ਤੋਂ ਵੱਧ ਖੁਸ਼ ਰਹਿਣਗੇ। ਆਕਸਫੋਰਡ ਲਈ ਅਪਲਾਈ ਕਰਨ ਬਾਰੇ ਵਧੇਰੇ ਆਤਮਵਿਸ਼ਵਾਸ ਮਹਿਸੂਸ ਕਰਨ ਵਿੱਚ ਉਹਨਾਂ ਦੀ ਮਦਦ ਲਈ, ਅਸੀਂ ਹਰ ਸਾਲ ਆਕਸਫੋਰਡ ਅਤੇ ਯੂ.ਕੇ. ਵਿੱਚ ਹਜ਼ਾਰਾਂ ਮੁਫਤ ਪ੍ਰੋਗਰਾਮ ਚਲਾਉਂਦੇ ਹਾਂ। ਤੁਸੀਂ ਸਾਡੀ ਵੈਬਸਾਈਟ **ox.ac.uk/study** 'ਤੇ ਜਾ ਕੇ ਪਰਿਵਾਰਾਂ ਲਈ ਉਪਲਬਧ ਪ੍ਰੋਗਰਾਮਾਂ ਅਤੇ ਸਰੋਤਾਂ ਬਾਰੇ ਜਾਣਕਾਰੀ ਲੈ ਸਕਦੇ ਹੋ।






### ਕੀ ਅਸੀਂ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦੇ ਹਾਂ?

- ਆਕਸਫੋਰਡ ਹਰ ਸਾਲ ਯੂਨੀਵਰਸਿਟੀ ਵੱਲੋਂ ਤਿੰਨ ਦਿਨ ਖੁੱਲੇ ਪ੍ਰੋਗਰਾਮ ਚਲਾਉਂਦਾ ਹੈ। ਇਹ ਵਿਦਿਆਰਥੀ ਜੀਵਨ ਬਾਰੇ ਵਧੇਰੇ ਜਾਣਨ, ਕਾਲਜਾਂ ਅਤੇ ਵਿਭਾਗਾਂ ਨੂੰ ਨੇੜਿਓਂ ਵੇਖਣ ਅਤੇ ਮੌਜੂਦਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਿਲਣ ਦਾ ਇੱਕ ਸ਼ਾਨਦਾਰ ਤਰੀਕਾ ਹੈ।
  **ox.ac.uk/opendays**
- ਸਾਡੇ ਕਈ ਵਿਸ਼ੇ ਵਿਭਾਗ ਆਪਣੇ ਖੁੱਲ੍ਹੇ ਪ੍ਰੋਗਰਾਮ ਵੀ ਚਲਾਉਂਦੇ ਹਨ।
  **ox.ac.uk/access**
- ਜੇਕਰ ਉਹ ਆਕਸਫੋਰਡ ਯਾਤਰਾ ਕਰਨ ਦੇ ਯੋਗ ਨਹੀਂ ਹਨ, ਤਾਂ ਤੁਹਾਡੇ ਬੱਚੇ ਆਕਸਫੋਰਡ ਅਤੇ ਕੈਂਬਰਿਜ ਵਿਦਿਆਰਥੀ ਕਾਨਫਰੰਸ ਵਿੱਚ ਸ਼ਾਮਲ ਹੋ ਸਕਦੇ ਹਨ। ਇਹ 'ਯਾਤਰਾ ਲਈ ਖੁੱਲੇ ਦਿਨ' ਪੂਰੇ ਦੇਸ਼ ਵਿੱਚ ਹੁੰਦੇ ਹਨ।
  **oxfordandcambridgeoutreach.co.uk**

### ਅਜਿਹੇ ਪ੍ਰੋਗਰਾਮ ਜਿਸ ਵਿੱਚ ਉਹ ਆਕਸਫੋਰਡ ਵਿੱਚ ਰਹਿ ਸਕਦੇ ਹਨ?

- ਯੂ.ਕੇ. ਰਾਜ ਦੇ ਸਕੂਲਾਂ ਵਿੱਚ 12 ਸਾਲਾਂ ਵਿਦਿਆਰਥੀਆਂ ਲਈ ਸਾਡੇ ਮੁਫਤ ਪ੍ਰੋਗਰਾਮ, UNIQ ਬਾਰੇ ਵਧੇਰੇ ਜਾਣਕਾਰੀ ਲਓ।
  **uniq.ox.ac.uk**
- ਜੇਕਰ ਉਹ ਕਾਲੇ ਹਨ ਜਾਂ ਮਿਸ਼ਰਤ ਜਾਤੀ ਅਤੇ ਅਫਰੀਕੀ ਅਤੇ ਕੈਰੇਬੀਅਨ ਵਿਰਾਸਤ ਤੋਂ ਹਨ ਤਾਂ ਟਾਰਗੇਟ ਆਕਸਬ੍ਰਿਜ ਬਾਰੇ ਹੋਰ ਜਾਣੋ।
  **targetoxbridge.co.uk**

### ਕੀ ਅਸੀਂ ਆਨਲਾਈਨ ਕੁਝ ਕਰ ਸਕਦੇ ਹਾਂ?

- ਇੰਸਟਾਗ੍ਰਾਮ 'ਤੇ **@StudyAtOxford** 'ਤੇ ਫੋਲੋ ਕਰੋ
- ਆਪਣੇ ਬੱਚੇ ਦੇ ਸਕੂਲ ਤੋਂ ਯੂਨੀਵਰਸਿਟੀ ਜਾਣ 'ਤੇ ਮਦਦ ਪ੍ਰਾਪਤ ਕਰਨ ਲਈ ਹੋਰ ਸਲਾਹ ਲਈ **ox.ac.uk/forfamilies** 'ਤੇ ਜਾਓ।

### ਕੀ ਮੇਰੇ ਖੇਤਰ ਲਈ ਕੁਝ ਖਾਸ ਹੈ?

ਯੂ.ਕੇ. ਵਿੱਚ ਹਰ ਸਕੂਲ ਅਤੇ ਕਾਲਜ ਦਾ ਯੂਨੀਵਰਸਿਟੀ ਵਿੱਚ ਇੱਕ ਖਾਸ ਸੰਪਰਕ ਹੁੰਦਾ ਹੈ। ਆਕਸਫੋਰਡ ਕਾਲਜਾਂ ਦਾ ਸਮੂਹ ਦੇਸ਼ ਦੇ ਵੱਖ ਵੱਖ ਖੇਤਰਾਂ ਨਾਲ ਜੁੜਨ ਲਈ ਮਿਲ ਕੇ ਕੰਮ ਕਰਦੇ ਹਨ, ਅਤੇ ਸਥਾਨਕ ਜ਼ਰੂਰਤਾਂ ਦੇ ਅਨੁਕੂਲ ਮਦਦ ਪ੍ਰਦਾਨ ਕਰਦੇ ਹਨ। ਇਸਦਾ ਮਤਲਬ ਹੈ ਕਿ, ਤੁਸੀਂ ਭਾਵੇਂ ਜਿੱਥੇ ਵੀ ਰਹਿੰਦੇ ਹੋਵੋ, ਤੁਹਾਡਾ ਬੱਚਾ ਯੂਨੀਵਰਸਿਟੀ ਲਈ ਅਪਲਾਈ ਕਰਨ ਲਈ ਮਦਦ ਅਤੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।
**ox.ac.uk/linkcolls**

# ਅਸੀਂ ਉਹਨਾਂ ਦੀ ਦਿਲਚਸਪੀ ਕਿਵੇਂ ਵਧਾ ਸਕਦੇ ਹਾਂ?

## ਉਨ੍ਹਾਂ ਦੀ ਉਤਸੁਕਤਾ ਨੂੰ ਵਧਾ ਕੇ

ਅਸੀਂ ਜਾਣਦੇ ਹਾਂ ਕਿ ਬੱਚੇ ਆਪਣੀ ਦੁਨੀਆਂ ਬਾਰੇ ਜਾਣਨ ਦੀ ਉਤਸੁਕਤਾ ਨਾਲ ਪੈਦਾ ਹੁੰਦੇ ਹਨ, ਅਤੇ ਇਸ ਤਰ੍ਹਾਂ ਹੀ ਉਹ ਸਿੱਖਦੇ ਹਨ। ਸਾਡੀ ਉਤਸੁਕਤਾ ਇੱਕ ਵਿਸ਼ਾਲ ਕੁਦਰਤੀ ਪ੍ਰਤਿਭਾ ਹੈ। ਸਾਨੂੰ ਯਕੀਨ ਹੈ ਕਿ ਤੁਸੀਂ ਅਨਗਿਣਤ ਸਵਾਲ ਪੁੱਛਣ ਵਾਲੇ ਬੱਚਿਆਂ ਨੂੰ ਜਾਣਦੇ ਹੋ। ਅਸੀਂ ਇਹ ਵੀ ਜਾਣਦੇ ਹਾਂ ਕਿ ਅਧਿਆਪਕ ਬਹੁਤ ਸਾਰੀਆਂ ਵੱਖੋ ਵੱਖਰੀਆਂ ਲੋੜਾਂ ਵਾਲੇ ਬੱਚਿਆਂ ਦੀ ਮਦਦ ਕਰਨ ਦੀ ਕੋਸ਼ਿਸ਼ ਵਿੱਚ ਬਹੁਤ ਵਿਅਸਤ ਹੁੰਦੇ ਹਨ, ਅਤੇ ਕਈ ਵਾਰ ਪ੍ਰਤਿਭਾਵਾਨ ਵਿਦਿਆਰਥੀ ਸਕੂਲ ਵਿੱਚ ਬੋਰ ਹੋ ਸਕਦੇ ਹਨ। ਤਾਂ ਫਿਰ, ਤੁਸੀਂ ਆਪਣੇ ਪਰਿਵਾਰ ਵਿੱਚ ਚਲਾਕ ਬੱਚਿਆਂ ਨੂੰ ਸ਼ਾਂਤ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹੋ?

ਸਭ ਤੋਂ ਪਹਿਲਾਂ, ਕਿਰਪਾ ਕਰਕੇ ਇਹ ਨਾ ਸੋਚੋ ਕਿ ਤੁਹਾਡੇ ਕੋਲ ਸਾਰੇ ਜਵਾਬ ਹੋਣੇ ਚਾਹੀਦੇ ਹਨ! ਬੱਸ ਇਸ ਵੱਲ ਧਿਆਨ ਦਿਓ ਕਿ ਬੱਚਿਆਂ ਲਈ ਕਿਹੜੀ ਦਿਲਚਸਪੀ ਸਚਮੁੱਚ ਮਦਦ ਕਰ ਸਕਦੀ ਹੈ, ਅਤੇ ਉਨ੍ਹਾਂ ਲਈ ਇਹ ਮਹਿਸੂਸ ਕਰਨਾ ਚੰਗਾ ਹੋ ਸਕਦਾ ਹੈ ਕਿ ਉਹ ਮਾਹਰ ਹਨ। ਇਸ ਦਾ ਨਤੀਜਾ ਇਹ ਹੋ ਸਕਦਾ ਹੈ ਕਿ ਉਹ ਹੋਰ ਵੀ ਜਿਆਦਾ ਸਵਾਲ ਕਰਨ, ਪਰ ਇਸਦਾ ਇਹ ਵੀ ਮਤਲਬ ਹੈ ਕਿ ਉਹ ਸੋਚਦੇ ਰਹਿੰਦੇ ਹਨ। ਤੁਸੀਂ ਇਹ ਵੀ ਸੁਝਾਅ ਦੇ ਸਕਦੇ ਹੋ ਕਿ ਉਨ੍ਹਾਂ ਨੂੰ ਕਿਤਾਬਾਂ ਤੋਂ ਬਾਹਰ ਵੀ ਕੀਤੇ ਹੋਰ ਵਧੇਰੇ ਜਾਣਕਾਰੀ ਮਿਲ ਸਕਦੀ ਹੈ। ਜੇਕਰ ਉਹ ਸਿਰਫ ਇੱਕ ਚੀਜ਼ ਵਿੱਚ ਹੀ ਦਿਲਚਸਪੀ ਰੱਖਦੇ ਹਨ, ਤਾਂ ਚਿੰਤਾ ਨਾ ਕਰੋ - ਬਹੁਤ ਕੁਝ ਬਾਰੇ ਥੋੜ੍ਹਾ ਕੁਝ ਜਾਣਨ ਨਾਲੋਂ ਕੁਝ ਚੀਜ਼ਾਂ ਬਾਰੇ ਬਹੁਤ ਕੁਝ ਜਾਣਨਾ ਵੀ ਸਿੱਖਣਾ ਦਾ ਇੱਕ ਹੋਰ ਤਰੀਕਾ ਹੁੰਦਾ ਹੈ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਉਹ ਸਿੱਖਣਾ ਪਸੰਦ ਕਰਦੇ ਹਨ।

### ਚਲਾਕ ਬੱਚਿਆਂ ਲਈ ਕੁਝ ਵਿਚਾਰ:

#### 16 ਸਾਲ ਤੋਂ ਘੱਟ ਉਮਰ ਵਾਲੇ

- ਓਕਸਪਲੋਰੇ ਦੀ ਵਰਤੋਂ ਕਰੋ, ਇਹ ਸਾਡੀ ਮੁਫਤ ਵਿਦਿਅਕ ਵੈਬਸਾਈਟ 11-18 ਸਾਲ ਦੇ ਬੱਚਿਆਂ ਲਈ ਹੈ ਜੋ ਕੁਝ ਵੱਡੇ ਸਵਾਲਾਂ ਦੇ ਜਵਾਬ ਜਾਣਨਾ ਚਾਹੁੰਦੇ ਹਨ ਸਾਨੂੰ ਪਤਾ ਹੈ ਕਿ ਉਹਨਾਂ ਨੂੰ ਇਹ ਚੰਗਾ ਲੱਗੇਗਾ। **oxplore.org**
- ਮਿਲ ਕੇ ਪੜਚੋਲ ਕਰੋ: ਟੀਵੀ ਤੇ, ਕਿਤਾਬਾਂ, ਰਸਾਲਿਆਂਵਿੱਚ ਅਤੇ ਆਨਲਾਈਨ।
- ਉਨ੍ਹਾਂ ਦੇ ਮਨਪਸੰਦ ਵਿਸ਼ਿਆਂ 'ਤੇ YouTube ਵੀਡੀਓ ਵੇਖੋ।
- ਤੁਸੀਂ **ox.ac.uk/reading** 'ਤੇ ਆਕਸਫੋਰਡ ਦੀਆਂ ਕੁਝ ਨਵੀਨਤਮ ਖੋਜਾਂ ਦੀ ਵੀਡਿਓ ਦੇਖ ਸਕਦੇ ਹੋ।
- ਕਿਸੇ ਵੀ ਸਥਾਨਕ ਅਜਾਇਬ ਘਰ ਵਿੱਚ ਸਮਾਗਮਾਂ ਵਿੱਚ ਜਾਓ: ਇਹ ਅਕਸਰ ਮੁਫਤ ਹੁੰਦੇ ਹਨ।
- ਆਪਣੇ ਖੇਤਰ ਵਿੱਚ ਛੁੱਟੀਆਂ ਦੇ ਪ੍ਰੋਗਰਾਮਾਂ ਬਾਰੇ ਪਤਾ ਲਗਾਓ; ਕੁਝ ਮੁਫਤ ਅਤੇ ਸਥਾਨਕ ਕੌਂਸਲ ਦੁਆਰਾ ਫੰਡ ਕੀਤੇ ਜਾਂਦੇ ਹਨ।
- ਉਨ੍ਹਾਂ ਨਾਲ ਨਵੇਂ ਤਜ਼ਰਬਿਆਂ ਬਾਰੇ ਗੱਲ ਕਰੋ।

#### 16 ਸਾਲ ਤੋਂ ਵੱਧ ਉਮਰ ਵਾਲੇ

- MOOC (ਵਿਸ਼ਾਲ ਖੁੱਲੇ ਅਤੇ ਆਨਲਾਈਨ ਕੋਰਸ), ਹੋਰ ਆਨਲਾਈਨ ਕੋਰਸ ਅਤੇ ਲੈਕਚਰ ਵੇਖੋ।
  **www.mooc.org**
  **www.edx.org**
- ਉਹਨਾਂ ਨੂੰ ਆਨਲਾਈਨ ਰਸਾਲਿਆਂ ਨੂੰ ਵੇਖਣ ਲਈ ਉਤਸ਼ਾਹਤ ਕਰੋ।
- ਉਹਨਾਂ ਦੀ ਦਿਲਚਸਪੀ ਵਾਲੇ ਕੁਝ ਵਿਸ਼ਿਆਂ ਦੀ Ted ਟਾਕ ਦੇਖੋ।
  **www.ted.com/talks**
- ਹੱਫਪੋਸਟ 'ਤੇ ਇੱਕ ਨਜ਼ਰ ਮਾਰੋ, ਇਹ ਬਹੁਤ ਸਾਰੇ ਨੌਜਵਾਨ ਲੇਖਕਾਂ ਵਾਲਾ ਇੱਕ ਆਨਲਾਈਨ ਅਖਬਾਰ ਹੈ।
  **www.huffingtonpost.co.uk**







ਅੰਡਰਗ੍ਰੈਜੁਏਟ ਐਡਮਿਸ਼ਨਜ਼ ਅਤੇ ਆਉਟਰੀਚ ਵਿਭਾਗ ਅਤੇ ਆਕਸਫੋਰਡ ਪਬਲਿਕ ਅਫੇਅਰਜ਼ ਡਾਇਰੈਕਟੋਰੇਟ, ਯੂਨੀਵਰਸਿਟੀ ਦਫਤਰਾਂ, ਵੈਲਿੰਗਟਨ ਸਕੁਏਰ, ਆਕਸਫੋਰਡ, OX1 2JD ਦੁਆਰਾ ਤਿਆਰ ਕੀਤਾ ਗਿਆ।

ਫੋਟੋਆਂ: ਆਕਸਫੋਰਡ ਯੂਨੀਵਰਸਿਟੀ ਦੇ ਚਿੱਤਰ।
ਯੋਗਦਾਨ ਕਰਨ ਵਾਲੇ ਫੋਟੋਗ੍ਰਾਫ਼ਰ: ਜਾਨ ਕੈਰਨਜ਼, ਰੋਬ ਜੱਜਸ ਅਤੇ ਇਆਨ ਵਾਲਮਨ।

**ਆਕਸਫੋਰਡ ਯੂਨੀਵਰਸਿਟੀ 2020**

ਸਾਰੇ ਹੱਕ ਰਾਖਵੇਂ ਹਨ। ਇਸ ਪ੍ਰਕਾਸ਼ਨ ਦਾ ਕੋਈ ਵੀ ਹਿੱਸਾ ਬਿਨਾਂ ਆਗਿਆ ਤੋਂ ਦੋਬਾਰਾ ਤਿਆਰ, ਪ੍ਰਾਪਤੀ ਪ੍ਰਣਾਲੀ ਵਿੱਚ ਸਟੋਰ ਨਹੀਂ ਕੀਤਾ ਜਾ ਸਕਦਾ ਹੈ, ਜਾਂ ਕਿਸੇ ਵੀ ਰੂਪ ਵਿੱਚ ਜਾਂ ਕਿਸੇ ਵੀ ਸੰਚਾਰ ਢੰਗ ਨਾਲ, ਇਲੈਕਟ੍ਰਾਨਿਕ, ਮਕੈਨੀਕਲ, ਫੋਟੋਕਾਪੀ, ਰਿਕਾਰਡਿੰਗ ਜਾਂ ਹੋਰ ਕਿਸੇ ਵੀ ਤਰ੍ਹਾਂ, ਪ੍ਰਸਾਰਿਤ ਨਹੀਂ ਕੀਤਾ ਜਾ ਸਕਦਾ ਹੈ।